# ਸ੍ਰੀ ਦਰਬਾਰ ਸਾਹਿਬ ਮਹੱਤਤਾ

❖ ਗਿਆਨੀ ਮਹਾਂ ਸਿੰਘ



ਸ੍ਰੀ ਹਰਿਮੰਦਰ ਸਾਹਿਬ ਦੀ ਇਕ ਦੁਰਲਭ ਕੈਮਰਾ ਤਸਵੀਰ ਜਿਹੜੀ 1864-66 ਦਰਮਿਆਨ ਵਿਲੀਅਮ ਬੇਕਰ ਵਲੋਂ ਖਿੱਚੀ ਗਈ ਪਹਿਲੀ ਤਸਵੀਰ ਮੰਨੀ ਜਾਂਦੀ ਹੈ।

੧ਓ ਸਤਿਗੁਰ ਪ੍ਰਸਾਦਿ।।

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ।।

# ਸ੍ਰੀ ਦਰਬਾਰ ਸਾਹਿਬ ਮਹੱਤਤਾ

ਸ੍ਰੀ ਹਰਿਮੰਦਰ ਜੀ ਦੀ ਉਲੂਹੀਅਤ ਅਤੇ ਗੌਰਵਤਾ ਬਾਰੇ
ਕੁਝ ਆਤਮਰਸੀਆਂ ਦੀਆਂ ਸਾਖਾਂ।

ਸੰਪਾਦਕ
ਗਿਆਨੀ ਮਹਾਂ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ–110 001

**Sri Darbar Sahib Mehetteta**
*Gyani Maha Singh*

© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ

ਪਹਿਲੀ ਵਾਰ ਨਵੰਬਰ, 1963
ਦੂਜੀ ਵਾਰ ਸਤੰਬਰ, 1975
ਤੀਜੀ ਵਾਰ ਜੂਨ, 1996
ਚਉਥੀ ਵਾਰ ਨਵੰਬਰ, 2012

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ-110001

*Printer :*
Print Media
1331, Chowk Sangatrashan,
Paharganj, New Delhi - 110055

ਮੁੱਲ : **30**/- ਰੁਪਏ

੧ੴ ਸਤਿਗੁਰ ਪ੍ਰਸਾਦਿ॥

# ਮੁੱਢਲੀ ਗੱਲ

ਪਿਛਲੇ ਕੁਝ ਸਾਲਾਂ ਵਿਚ ਕੁਝ ਲੇਖ ਸ੍ਰੀ ਦਰਬਾਰ ਸਾਹਿਬ ਜੀ ਦੀ ਮਹੱਤਤਾ ਦੇ 'ਖਾਲਸਾ ਸਮਾਚਾਰ' ਵਿਚ ਛਪੇ ਸਨ। ਅਨੇਕ ਮਿਤ੍ਰਾਂ ਵਲੋਂ ਪ੍ਰੇਰਨਾਂ ਹੋਈ ਹੈ ਕਿ ਉਨ੍ਹਾਂ ਲੇਖਾਂ ਨੂੰ ਇਕ ਪੁਸਤਕ ਆਕਾਰ ਵਿਚ ਸੰਚਿਤ ਕਰ ਦਿਤਾ ਜਾਏ, ਤਾਂਕਿ ਆਮ ਪਾਠਕ ਦੀ ਨਜ਼ਰ ਇਸ ਪਰਮ ਧਾਮ ਦੀ ਗੈਬੀ ਤੇ ਅਰਸ਼ੀ ਮਹਾਨਤਾ ਅਤੇ ਗੌਰਵਤਾ ਨੂੰ ਕੁਝ ਨਾ ਕੁਝ ਗ੍ਰਹਣ ਕਰ ਸਕੇ। ਉਨ੍ਹਾਂ ਦੀ ਉਸ ਪ੍ਰੇਰਨਾਂ ਅਨੁਸਾਰ ਇਹ ਉੱਦਮ ਕੀਤਾ ਗਿਆ ਹੈ।

ਸ੍ਰੀ ਅੰਮ੍ਰਿਤਸਰ ਸਿਫਤੀ ਦਾ ਘਰ, ਪਰਮ ਪਾਵਨ ਧਾਮ ਹਰਿਮੰਦਰ ਇਤਨਾ ਪੂਜਨੀਕ ਹੈ ਕਿ ਪਹਿਲੇ ਇਥੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੈਠਕੇ ਆਪਣੇ ਪ੍ਰੀਤਮ ਅਕਾਲ ਪੁਰਖ ਦੇ ਪ੍ਰੇਮ ਪ੍ਰਵੇਧੇ ਹਿਰਦੇ ਨਾਲ ਉਸ ਦੀ ਸਿਫਤ ਸਲਾਹ ਦੀਆਂ ਗੂੰਜਾਂ ਲਾਈਆਂ। ਫੇਰ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਹੁਕਮ ਹੇਠ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਹਥੀਂ ਇਸ ਤਾਲ ਦੀ ਕੁਝ ਖੁਦਾਈ ਕੀਤੀ, ਤੇ ਚਉਥੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਬਾਰੇ ਤਾਂ ਭਾਈ ਗੁਰਦਾਸ ਜੀ, ਸਾਖ ਭਰਦੇ ਹਨ:-

ਬੈਠਾ ਸੋਢੀ ਪਾਤਸਾਹੁ ਰਾਮਦਾਸੁ ਸਤਿਗੁਰੂ ਕਹਾਵੈ॥
ਪੂਰਨੁ ਤਾਲੁ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ॥

ਫੇਰ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਾਂ ਅਣਥੱਕ ਘਾਲ ਕੀਤੀ। ਤਾਲ ਤੇ ਮੰਦਰ ਦੀ ਮਹਾਨ ਪਾਵਨ ਤੇ ਕਲਾਮਈ ਉਸਾਰੀ ਨੂੰ ਪੂਰਨਤਾ ਤੇ ਪੁਚਾਇਆ, ਨਗਰੀ ਨੂੰ ਰੌਣਕ ਬਖਸ਼ੀ, ਘੁਘ ਵਸਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਸਾਹਿਬਾਂ ਨੇ ਆਪ ਆਪਣੀ ਮੁਬਾਰਕ ਰਸਨਾਂ ਤੋਂ ਇਸ ਪਾਵਨ ਮੰਦਰ ਅਤੇ ਪਾਪੀ ਮਨਾਂ ਨੂੰ ਨਿਰਮਲ ਕਰਨਹਾਰ ਅੰਮ੍ਰਿਤ ਸਰੋਵਰ ਦੀ ਮੁਕਤ ਕੰਠ ਮਹਿਮਾ ਕੀਤੀ ਹੈ, ਜੈਸਾ ਕਿ:-

ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ
ਜਿਤੁ ਨਾਤੈ ਕਊਆ ਹੰਸੁ ਹੋਹੈ॥ *(ਗੂਜਰੀ ਮਹਲਾ ੪-੨)*

ਸੰਤਹੁ ਰਾਮਦਾਸ ਸਰੋਵਰੁ ਨੀਕਾ॥
ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ॥
*(ਸੋਰਠਿ ਮਹਲਾ ੫-੫੭)*

ਰਾਮਦਾਸ ਸਰੋਵਰਿ ਨਾਤੇ॥
ਸਭਿ ਉਤਰੇ ਪਾਪ ਕਮਾਤੇ॥ *(ਸੋਰਠਿ ਮਹਲਾ ੫-੬੫)*

ਹਰਿ ਜਪੇ ਹਰਿ ਮੰਦਰੁ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ।।
ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸਗਲੇ ਪਾਪ ਤਜਾਵਹਿ ਰਾਮ।।

*(ਸੂਹੀ ਮਹਲਾ ੫, ਛੰਤ-੭)*

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ।।
ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ।।
ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ।।
ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ।।

(ਫੁਨਹੇ ਮਹਲਾ ੫-੧੦)

ਇਤਯਾਦਿਕ ਅਨੇਕ ਥਾਈਂ ਗੁਰੂ ਸਾਹਿਬਾਨ ਨੇ ਸਿਖੀ ਦੇ ਇਸ ਪਰਮ ਪਾਵਨ ਕੇਂਦਰ ਤੀਰਥ ਰਾਜ ਦੀ ਮਹਿਮਾ ਕੀਤੀ ਤੇ ਧਰਤੀ ਪਰ ਬਿਰਾਜਮਾਨ ਇਸ ਅਰਸ਼ੀ ਪੁਰੀ ਦੀ ਕੀਰਤੀ ਗਾਈ ਹੈ। ਜਿਥੇ ਸਤਿਗੁਰੂ ਸਾਹਿਬਾਨ ਆਪ ਇਸ ਪਰਮ ਧਾਮ ਦੀ ਮਹਿਮਾ ਦੇ ਕਥਨਹਾਰ ਹੋਣ ਉਥੇ ਹੋਰ ਕੋਈ ਕੁਛ ਕੀਹ ਕਹਿ ਸਕਦਾ ਹੈ ਤੇ ਗੁਰੂ ਸਾਹਿਬਾਂ ਦੀ ਕਥਨੀ ਦੇ ਅਗੇ ਕੋਈ ਲੇਖਕ ਇਸ ਗੁਰ ਧਾਮ ਦੀ ਕੀ ਵੱਧ ਮਹਿਮਾ ਦੱਸ ਸਕਦਾ ਹੈ, ਇਹ ਤਾਂ ਇਕ ਨਿਮਾਣਾ ਜਿਹਾ ਯਤਨ ਹੈ ਕਿ ਸਤਿਗੁਰੂ ਸਾਹਿਬਾਂ ਨੇ ਜੋ ਆਪ ਇਸ ਮਹਾਨ ਧਾਮ ਦੀ ਉਪਮਾ ਕੀਤੀ ਹੈ ਉਨ੍ਹਾਂ ਹੁਕਮਾਂ ਦੀ ਡੂੰਘਾਈ ਤੇ ਗੌਰਵਤਾ ਨੂੰ ਅਸੀਂ ਕੁਝ ਨਾ ਕੁਝ ਸਮਝ ਸਕੀਏ, ਭਲਾ ਜੇ ਸਾਡੇ ਦਿਲਾਂ ਵਿਚ ਇਸ ਪਾਵਨ ਧਾਮ ਦੀ ਉਲੂਹੀਅਤ ਆਪਣਾ ਚਮਕਾਰ ਮਾਰ ਜਾਏ ਤੇ ਸਾਨੂੰ ਇਸ ਸ਼ਮਅ ਦੇ ਪਤੰਗੇ ਬਣਾ ਸਕੇ।

ਕਲਗੀਧਰ ਪਾਤਸ਼ਾਹ ਦੇ ਪਾਵਨ ਚਰਨਾਂ ਦੇ ਭੌਰੇ ਭਾਈ ਨੰਦ ਲਾਲ ਜੀ ਫੁਰਮਾਉਂਦੇ ਹਨ:-

ਚਿਹ ਗੰਗਾ ਮੁਕਾਬਲ ਬ-ਅੰਮ੍ਰਿਤਸਰਸ਼।
ਕਿ ਹਰ ਸ਼ਸਤੋ ਹਸ਼ਤ ਆਮਦਹ ਚਾਕਰਸ਼।

*(ਜੋਤਿ ਬਿਗਾਸ)*

ਅਰਥਾਤ- (ਮਹੱਤਤਾ ਤੇ ਪਾਵਨਤਾ ਵਿਚ) ਉਸ (ਸਤਿਗੁਰੂ ਦੇ ਸਿਰਜੇ) ਅੰਮ੍ਰਿਤਸਰ ਦਾ ਟਾਕਰਾ (ਪਰਮ ਪਵਿਤ੍ਰ ਮੰਨੀ ਜਾਂਦੀ) ਗੰਗਾ ਬੀ ਕੀਹ ਕਰ ਸਕਦੀ ਹੈ। (ਇਥੇ ਤਾਂ) ਅਠਸਠ ਤੀਰਥਾਂ ਵਿਚੋਂ ਹਰ ਤੀਰਥ ਆਕੇ (ਇਸ ਤੀਰਥ ਰਾਜ ਦਾ) ਸੇਵਕ ਬਣ ਰਿਹਾ ਹੈ।

ਇਸ ਸੰਚਯ ਵਿਚ ਜੋ ਲੇਖ ਦਿਤੇ ਗਏ ਹਨ, ਉਨ੍ਹਾਂ ਵਿਚੋਂ ਪਹਿਲੇ ਵਿਚ ਸਤਿਕਾਰ ਯੋਗ ਸ੍ਰੀ ਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਇਸ ਪਾਵਨ ਧਾਮ ਦੀ ਮਹਿਮਾਂ ਵਿਚ ਕਹੇ ਹੋਏ ਕੁਝ ਲਫਜ਼ ਆਪਣੇ ਲਫਜ਼ਾਂ ਵਿਚ ਦਿਤੇ ਗਏ ਹਨ। ਦੂਜਾ ਲੇਖ ਸਤਿਕਾਰਯੋਗ ਭਾਈ ਸਾਹਿਬ ਜੀ ਦੀ ਆਪਣੀ ਲਿਖਤ ਹੈ। ਇਸ ਵਿਚ ਉਨ੍ਹਾਂ ਦੀ ਕਮਾਲ ਦੀ ਖੋਜ ਨੇ ਓਹ ਨਜ਼ਾਰੇ ਅੱਖਾਂ ਅੱਗੇ ਮੂਰਤੀਮਾਨ ਕਰ ਦਿਤੇ ਹਨ, ਜਿਨ੍ਹਾਂ ਵਿਚ ਇਸ ਮੰਦਰ ਪਰ ਤੁਰਕੀ ਪਹਿਰੇ ਦੇ ਹੁੰਦਿਆਂ ਬੀ ਜਾਨ ਤਲੀ ਤੇ ਰੱਖਕੇ ਮਰਜੀਉੜੇ ਸਿੰਘ ਕਿਵੇਂ ਦੀਵੇ ਵੱਟੀ ਦੀ ਸੇਵਾ ਜਾਰੀ ਰਖਣ ਲਈ

ਪਤੰਗਿਆਂ ਵਾਂਗ ਇਸ ਗ਼ੈਬੀ ਜਯੋਤਿ ਦੀ ਸ਼ਮਾਂ ਤੋਂ ਕੁਰਬਾਨ ਹੋਇਆ ਕਰਦੇ ਸਨ। ਤੀਸਰਾ ਲੇਖ ਪ੍ਰੋਫੈਸਰ ਪੂਰਨ ਸਿੰਘ ਜੀ ਡਿਹਰਾਦੂਨ ਵਾਲਿਆਂ ਦੀ ਲਿਖਤ ਹੈ। ਉਨ੍ਹਾਂ ਦੀ ਇਹ ਲਿਖਤ ੧੯੧੪ ਦੀ ਲਿਖੀ ਹੋਈ ਹੈ, ਜਿਸ ਵੇਲੇ ਕਿ ਓਹ ਸਤਿਕਾਰਯੋਗ ਭਾਈ ਸਾਹਿਬ ਜੀ ਦੀ ਪਿਆਰ ਕਲਾਈ ਵਿਚ ਆਕੇ ਗੁਰਸਿਖੀ ਤੇ ਗੁਰਮਤਿ ਦੇ ਗੂੜ ਭਾਵਾਂ ਦੇ ਜਾਣੂ ਹੋਕੇ ਗੁਰੂ ਸਾਹਿਬਾਂ ਦੇ ਆਸ਼ਿਕ ਹੋ ਗਏ ਸਨ। ਸ਼ਾਇਦ ਇਹ ੧੯੧੪ ਦਾ ਹੀ ਗੁਰਪੁਰਬ ਗੁਰੂ ਨਾਨਕ ਦੇਵ ਜੀ ਦਾ ਪੁਰਬ ਸੀ ਜਦੋਂ ਆਪ ਗੁਰਪੁਰਬ ਵਾਲੇ ਦਿਨ ਸ੍ਰੀ ਦਰਬਾਰ ਸਾਹਿਬ ਜੀ ਦੀ ਯਾਤ੍ਰਾ ਲਈ ਇਕ ਗਹਿਰੀ ਆਤਮ ਜਾਗ੍ਰਤ ਵਿਚ ਜਾਗਕੇ ਤਿਆਰ ਹੋਏ ਤੇ ਸਤਿਕਾਰਯੋਗ ਭਾਈ ਸਾਹਿਬ ਜੀ ਦੇ ਨਾਲ ਜਾਕੇ ਯਾਤ੍ਰਾ ਕੀਤੀ। ਆਤਮਕ ਜਾਗ੍ਰਤ ਵਿਚ ਆਏ ਆਪ ਦੇ ਲਾਉਬਾਲੀ ਮਨ ਨੇ ਯਾਤ੍ਰਾ ਹਿਤ ਟੁਰਨ ਤੋਂ ਪਹਿਲੇ ਕੀ ਅਨੁਭਵ ਕੀਤਾ ਤੇ ਫਿਰ ਯਾਤ੍ਰਾ ਵਿਚ ਪਾਵਨ ਹਰੀਮੰਦਰ ਉਨ੍ਹਾਂ ਨੂੰ ਕਿਹੋ ਜਿਹਾ ਦਿੱਸਿਆ, ਇਹ ਉਨ੍ਹਾਂ ਦੇ ਆਤਮ ਮੰਡਲ ਵਿਚ ਵਰਤੀ ਇਕ ਅਕਹਿ ਘਟਨਾ ਨੂੰ ਉਨ੍ਹਾਂ ਨੇ ਕਹਿ ਵਿਖਾਇਆ ਹੈ। ਸ੍ਰੀ ਦਰਬਾਰ ਸਾਹਿਬ ਦੀ ਉਲੂਹੀਅਤ ਗ਼ੈਬਾਂ ਦੇ ਖਜ਼ਾਨੇ ਤੇ ਮਿਹਰਾਂ ਦੀ ਛਹਿਬਰਾਂ ਜੋ ਆਪ ਉਨ੍ਹਾਂ ਨੇ ਮਾਣੀਆਂ ਉਨ੍ਹਾਂ ਦਾ ਕੁਝ ਗਿਆਨ ਉਨ੍ਹਾਂ ਨੇ ਬੜੀ ਕ੍ਰਿਪਾ ਕਰਕੇ ਅੰਕਤ ਕੀਤਾ ਤੇ ਸਾਡੀਆਂ ਮੋਟੀਆਂ ਤੇ ਗ਼ਾਫਲੀ ਵਿਚ ਸੁਤੀਆਂ ਸੁਰਤਾਂ ਨੂੰ ਝੰਝੂਣਾ ਦੇ ਕੇ ਜਗਾਇਆ ਹੈ ਤੇ ਇਸ ਆਤਮਕ ਰਸ ਦਾ ਗ਼ੈਬੀ ਰਸ ਚਖਾਉਣ ਦੀ ਕ੍ਰਿਪਾਲਤਾ ਕੀਤੀ ਹੈ।

ਅੰਤਲੀ ਸ਼ੈ ਪੁਰਾਤਨ ਕਵੀਆਂ ਦੀਆਂ, ਸ੍ਰੀ ਦਰਬਾਰ ਸਾਹਿਬ ਬਾਰੇ ਦਿਲੀ ਸ਼ਰਧਾ ਦੇ ਭਾਵ ਭਰੀਆਂ ਕੁਝ ਛੰਦਕ ਰਚਨਾਵਾਂ ਹਨ, ਜਿਨ੍ਹਾਂ ਨੂੰ ਸੰਚਤ ਕਰਨ ਦਾ ਉਦਮ ਪੂਜਨੀਕ ਡਾਕਟਰ ਚਰਨ ਸਿੰਘ ਜੀ (ਪੂਜਨੀਕ ਪਿਤਾ ਸਤਿਕਾਰ ਯੋਗ ਸ੍ਰੀਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ) ਦਾ ਹੈ। ਉਹਨਾਂ ਨੇ ੧੮੯੩ ਈ: ਵਿਚ 'ਅੰਮ੍ਰਿਤ ਪ੍ਰਵਾਹ ਵਸੋਆ' ਨਾਮ ਦਾ ਇਕ ਟ੍ਰੈਕਟ ਸੰਕਲਤ ਕੀਤਾ ਸੀ: ਜਿਸ ਵਿਚ ਇਸ ਪਰਮ 'ਧਾਮ ਸੰਬੰਧੀ ਸਮਕਾਲੀ ਕਵੀ ਜਨਾਂ ਦੇ ਤੇ ਆਪਣੇ ਸ੍ਵੈ-ਕ੍ਰਿਤ ਚੋਣਵੇਂ ਤੇ ਚਮਤਕਾਰੀ ਛੰਦ ਇਕੱਤ੍ਰ ਕਰਕੇ ਛਾਪੇ ਸਨ। ਅਸੀਂ ਉਹਨਾਂ ਦੀ ਇਸ ਸਭ ਤੋਂ ਪਹਿਲੀ ਕੋਸ਼ਿਸ਼ ਵਿਚੋਂ ਧੰਨਵਾਦ ਸਹਿਤ ਕੁਝ ਚੋਣਵੇਂ ਛੰਦ ਲੈਕੇ ਤੇ ਕੁਝ ਹੋਰ ਤਲਾਸ਼ ਕਰਕੇ ਇਸ ਸੈਂਚੀ ਦੇ ਅੰਤ ਵਿਚ; ਕਠਨ ਪਦਾਂ ਦੇ ਫੁਟ ਨੋਟਾਂ ਵਿਚ ਪ੍ਰਯਾਯ ਦੇਕੇ, ਛਾਪ ਰਹੇ ਹਾਂ। ਇਸ ਤੋਂ ਸਾਫ ਪ੍ਰਤੀਤ ਹੋ ਜਾਂਦਾ ਹੈ ਕਿ ਸ੍ਰੀ ਦਰਬਾਰ ਸਾਹਿਬ ਕਿਸ ਤਰ੍ਹਾਂ ਮੁੱਦਤ ਤੋਂ ਹੀ ਕਵੀ ਜਨਾਂ ਦੇ ਮਨਾਂ ਵਿਚ ਹੁਲਾਸ ਦੇ ਤਰੰਗ ਪੈਦਾ ਕਰਨ ਦਾ ਇਕ ਮਹਾਨ ਕਾਰਨ ਬਣਿਆ ਰਿਹਾ ਹੈ। ਆਸ ਹੈ ਪਾਠਕ ਇਸ ਨਿੱਕੇ ਜਿਹੇ ਪ੍ਰਯਤਨ ਨੂੰ ਪਸੰਦ ਕਰਨਗੇ।

**ਗਿਆਨੀ ਮਹਾਂ ਸਿੰਘ**

ਨਵੰਬਰ ੧੯੬੩ ਈ: *ਸੰਪਾਦਕ*

*ਖਾਲਸਾ ਸਮਾਚਾਰ.*

# ਵਾਹ ਵਾਹ ਸ੍ਰੀ ਅੰਮ੍ਰਿਤਸਰ

***ਕਵੀ ਸੌਂਧਾ***

ਤੀਨ ਲੋਕ ਮਹਿ ਤਾਲ ਨ ਐਸਾ ਜੈਸਾ ਦੇਖਯਾ ਅੰਮ੍ਰਿਤਸਰ।
ਤਾਲ ਮੱਧ ਹਰਿਮੰਦਰ ਨੀਕਾ ਮਾਨਹੁ ਰਾਮਦਾਸ ਕਾ ਘਰ।
ਮੋਤੀ ਚੂਨੀ ਹੀਰਾ ਪੰਨਾ ਤਾ ਮਹਿ ਲਾਗੀ ਹੈ ਬਹੁ ਜ਼ਰ।
ਅਨਿਕ ਸਿਆਨੇ ਪਚਿ ਪਚਿ ਹਾਰੇ ਕੋਊ ਨ ਸਾਕੇ ਲੇਖਾ ਕਰਿ।੧।।
ਅਠਸਠ ਤੀਰਥ ਤਾਂਕੀ ਸ਼ਰਨੀ ਅਵਰ ਨ ਦੂਜਾ ਤਿਹ ਸਮਸਰ।
ਜੋ ਨਾਵੈ ਸੋ ਇਹੁ ਫਲ ਪਾਵੈ ਬਹੁਰ ਨ ਬਯਾਪੈ ਜਮ ਕਾ ਡਰ।
ਸਭ ਹੀ ਆਸਾ ਪੂਰਨ ਹੋਵਹਿ ਕੋਈ ਆਸ ਰਿਦੇ ਮਹਿ ਧਰ।
ਜੋ ਜੋ ਇੱਛਾ ਮਨ ਮਹਿ ਬਾਂਛਹਿ ਸੋਈ ਤਹਾਂ ਤੇ ਪਾਵੈ ਵਰ।੨।।
ਜੈਸੀ ਮਨਸਾ ਕਰਿ ਕੋਊ ਨ੍ਹਾਵੈ ਤੈਸੋ ਹੀ ਫਲ ਦੇਵੈ ਹਰਿ।
ਤਿਰੀਆ ਨ੍ਹਾਇ ਸਰੀਰ ਤਿਆਗੈ ਬਹੁਰ ਕਲੇਵਰ ਪਾਵੈ ਨਰ।
ਬਾਂਝ ਤੀਆ ਸੁਤ ਪਲ ਮਹਿ ਪਾਵੈ, ਜੀਵਤ ਰਹੈ, ਨ ਜਾਵੈ ਮਰਿ।
ਨਿਸਚਾ ਕਰਿਕੈ ਸੂਰਾ ਨ੍ਹਾਵੈ ਰਣ ਮੈ ਕਬਹੂ ਨ ਲਾਗੈ ਸਰ।੩।।
ਸਿਧ ਸਾਧ ਨ੍ਹੀਵੈ ਜੋ ਯਾ ਮਹਿ ਜਗ ਦੁਤਰੁ ਇਹੁ ਜਾਵੈ ਤਰ।
ਰੋਗੀ ਰੋਗ ਰਹੈ ਨਹੀ ਤਨ ਮਹਿ ਦੇਖ ਲੇਹੁ ਕੋਈ ਮੱਜਨ ਕਰਿ।
ਮੰਦ ਭਾਗ ਨ੍ਹਾਵੈ ਜੋ ਕੋਈ ਲਿਖਿਆ ਲੇਖ ਜਾਇ ਤਿਸੁ ਟਰਿ।
ਧੰਨ ਧੰਨ ਹਰਿਮੰਦਰ ਨੀਕੋ ਚਾਂਦੀ ਕੇ ਤਖਤੇ ਜਿਹ ਦਰਿ।੪।।
ਦਾਰਿਦ੍ਰੀ ਨ੍ਹਾਵੈ ਜੋ ਯਾਂ ਮਹਿ ਅਧਿਕ ਲਹੈ ਸੋ ਮਾਇਆ ਜ਼ਰ।
ਖਾਇ ਖਰਚ ਤੋਟਾ ਨਹੀ ਆਵੈ ਏਤੀ ਲੱਛ ਹੋਇ ਤਿਹ ਘਰ।
ਭੂਪਤਿ ਨ੍ਹਾਵੈ ਇਹੁ ਫਲ ਪਾਵੈ ਨਾਸ਼ ਹੋਇ ਤਾਂਕੇ ਸਭ ਅਰਿ।
ਤੀਨ ਲੋਕ ਕਾ ਰਾਜ ਪਾਇਕੈ ਨਿਹਚਿੰਤਕ ਹੁਇ ਬੈਠੇ ਘਰਿ।੫।।
ਰਿਧੀ ਸਿਧਿ ਦੋਊ ਤਹਿ ਠਾਂਢੀ ਰਹਿਤੀ ਹੈਂ ਵਹ ਬਾਰ ਬਹਿਰ।
ਚਾਰ ਭਾਂਤਿ ਕੀ ਮੁਕਤਿ ਕਹਾਵੈ ਸੋ ਭੀ ਤਹਿਂ ਤੇ ਆਵੈ ਕਰ।
ਕਹੁ 'ਸੋਂਧਾ' ਤੂ ਬਾਰ ਬਾਰ: 'ਮੈਂ ਛੋਡੌਂ ਨਾਂਹੀ ਐਸਾ ਦਰ'।
ਜੋਗ ਭੋਗ ਕਾ ਸਦਨ ਕੀਆ ਹਰਿ, ਵਾਹਿ ਵਾਹਿ ਸ੍ਰੀ ਅੰਮ੍ਰਿਤਸਰ।੬।।

# ਸ੍ਰੀ ਦਰਬਾਰ ਸਾਹਿਬ ਮਹੱਤਤਾ

**(ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀਆਂ ਨਜ਼ਰਾਂ ਵਿਚ।)**

ਸ੍ਰੀ ਹਰਿ ਮੰਦਰ ਸਾਹਿਬ (ਦਰਬਾਰ ਸਾਹਿਬ) ਅੰਮ੍ਰਿਤਸਰ ਉਹ ਪਾਵਨ ਅਸਥਾਨ ਹੈ ਜਿਥੇ ਰਿੱਧੀਆਂ ਸਿੱਧੀਆਂ ਵਸਦੀਆਂ ਹਨ, ਜਿਥੋਂ ਦੀ ਚਰਨ ਧੂੜਿ ਅਕਸੀਰ ਹੈ, ਜਿਥੋਂ ਦੀ ਝਾੜੂ ਬਰਦਾਰੀ ਨੀਚਾਂ ਨੂੰ ਊਚ, ਕੰਗਲਿਆਂ ਨੂੰ ਅਮੀਰ ਤੇ ਰੰਕਾਂ ਨੂੰ ਰਾਉ ਬਨਾਉਣ ਨੂੰ ਸਮਰੱਥ ਹੈ। ਸ੍ਰੀ ਅੰਮ੍ਰਿਤ ਸਰੋਵਰ ਦਾ ਅੰਮ੍ਰਿਤ ਕਾਗਾਂ ਨੂੰ ਹੰਸ ਤੇ ਕੁਸ਼ਟੀਆਂ ਦੇ ਕਸ਼ਟ ਕੱਟਣ ਵਾਲਾ ਹੈ। ਦੁਨੀਆਂ ਦੇ ਤਖਤੇ ਤੇ ਇਹ ਬਰਕਤਾਂ ਕੇਵਲ ਏਥੇ ਹੀ ਵਸਦੀਆਂ ਹਨ ਤੇ ਸ਼ਰਧਾ ਵਾਲੇ ਸਦਾ ਇਨ੍ਹਾਂ ਤੋਂ ਫੈਜ਼ਯਾਬ ਹੁੰਦੇ ਰਹੇ ਤੇ ਹੁੰਦੇ ਰਹਿਣਗੇ।

ਏਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿਤ੍ਰ ਚਰਨ ਕਵਲ ਪਏ, ਤੀਸਰੇ ਤੇ ਚਉਥੇ ਪਾਤਸ਼ਾਹ ਜੀ ਨੇ ਸੁਹਣੀਆਂ ਘਾਲਾਂ ਕੀਤੀਆਂ, ਸਰੋਵਰ ਦੀ ਖੁਦਾਈ ਕੀਤੀ, ਪੰਚਮ ਪਾਤਸ਼ਾਹ ਜੀ ਨੇ ਇਸ ਦੀ ਪਵਿਤ੍ਰ ਸੇਵਾ ਨੂੰ ਸਿਰੇ ਚੜ੍ਹਾਇਆ, ਮੰਦਰ ਰਚਿਆ, ਨਗਰੀ ਵਸਾਈ ਤੇ ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਆਦਿ ਬੀੜ ਰਚਕੇ ਇਥੇ ਸਥਾਪਨ ਕੀਤੀ, ਦੈਵੀ ਕੀਰਤਨ ਦਾ ਕੇਂਦਰ ਬੱਧਾ ਤੇ ਗ਼ੈਬੀ ਦੁਨੀਆਂ ਦਾ ਇਕ ਅਲੌਕਿਕ ਮੰਦਰ ਥਾਪਿਆ। ਛੇਵੇਂ ਪਾਤਸ਼ਾਹ ਜੀ ਨੇ ਅਕਾਲ ਬੁੰਗਾ ਰਚਕੇ ਇਸ ਪਾਵਨ ਅਸਥਾਨ ਨੂੰ ਮਾਨੋ ਮੀਰੀ ਪੀਰੀ ਦੇ ਦੋਹਾਂ ਰੰਗਾਂ ਵਿਚ ਭੂਸ਼ਿਤ ਕਰ ਦਿਤਾ। ਨੌਵੇਂ ਪਾਤਸ਼ਾਹ ਜੀ ਨੇ ਬੀ ਇਸ ਪਾਵਨ ਧਾਮ ਦੀ ਯਾਤ੍ਰਾ ਕੀਤੀ। ਕਲਗੀਧਰ ਪਾਤਸ਼ਾਹ ਜੀ ਦੇ ਸਮੇਂ ਪਿਛੋਂ ਹਜ਼ਾਰਾਂ ਗੁਰਮੁਖ ਗੁਰੂ ਪਿਆਰੇ ਪੰਥ ਦੇ ਰਤਨ ਇਥੇ ਸ਼ਹੀਦ ਹੋਏ। ਵਿਦ੍ਰੋਹੀਆਂ ਨੇ ਇਸ ਦੀ ਪਾਵਨਤਾ ਨੂੰ ਮੈਲਿਆਂ ਕਰਨ ਦੇ ਯਤਨ ਕੀਤੇ ਪਰ ਸਿਖ ਸ਼ਹੀਦਾਂ ਨੇ ਇਸ ਧਰਮ ਮੰਦਰ ਦੀ ਉਹ ਮੈਲ ਅਪਣੇ ਖੂਨ ਨਾਲ ਧੋਤੀ ਤੇ ਪਾਵਨ ਰੱਖਣ ਦੀ ਸੇਵਾ ਸਭ ਕੁਝ ਵਾਰਕੇ ਕੀਤੀ।

ਮਹਾਰਾਜਾ ਰਣਜੀਤ ਸਿੰਘ ਜੀ ਨੇ ਆਪਣੇ ਰਾਜ ਭਾਗ ਸਮੇਂ ਇਸ ਮੰਦਰ ਤੇ ਸਰੋਵਰ ਦੀ ਸੇਵਾ ਸੰਗ ਸੁਫੈਦ ਤੇ ਸੁਵਰਨ ਨਾਲ ਕਰਦਿਆਂ ਇਸ ਸੇਵਾ ਨੂੰ ਅਪਣੇ ਧੰਨ ਭਾਗ ਸਮਝੇ ਇਸ ਅੰਮ੍ਰਿਤ ਦੇ ਚਸ਼ਮੇ ਤੇ ਗੁਰਮੁਖ ਹੰਸਾਂ ਦੇ ਮੰਡਲ ਸਜਦੇ ਰਹੇ, ਮੋਤੀਆਂ ਦੀ ਚੋਗ ਚੁਗਦੇ ਰਹੇ ਤੇ ਕਾਗਾਂ ਨੂੰ ਹੰਸ ਬਣਾਉਂਦੇ ਰਹੇ। ਇਸ ਪਾਵਨ ਸਚਖੰਡ ਭੂਮੀ ਦੀ ਮਹਾਨ ਸ਼ਕਤੀ ਦੀ ਮਹਿਮਾ ਪਿਛੇ ਸਦਾ ਰਹੀ ਹੈ ਤੇ ਅਗੋਂ ਸਦਾ ਰਹੇਗੀ, ਕਿਉਂਕਿ ਅਨੇਕ ਪੂਜਨੀਕ ਗੁਰੂ ਵਯਕਤੀਆਂ ਨੇ ਇਸ ਪਾਵਨ ਕੇਂਦਰ ਨੂੰ ਕੋਈ ਐਸੀ ਅਗੰਮੀ ਤੇ ਅਗਾਧ ਰੰਗਣ ਚਾੜ੍ਹੀ ਹੈ ਕਿ ਜੋ ਕਿਸੇ ਵੇਲੇ ਬੀ ਖਤਮ ਨਹੀਂ ਹੋ ਸਕਦੀ।

ਸਤਿਕਾਰਯੋਗ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ ਜਨਮ ਇਸੇ ਗੁਰੂ ਨਗਰੀ ਵਿਚ ੫-੧੨-੧੮੭੨ ਈ: ਨੂੰ ਹੋਇਆ। ਇਸੇ ਧਰਮ ਮੰਦਰ ਦੀ ਚਰਨ ਧੂੜ ਵਿਚ ਬਚਪਨ ਤੋਂ ਲੈਕੇ ਅੰਤ ਤਕ ਆਤਮਕ ਰਸ ਮਾਣੇ, ਦਿਲੀ ਸ਼ਰਧਾ ਦੇ ਭਾਵ ਆਪਣੇ ਪੂਜਯ ਪ੍ਰੀਤਮ ਸਤਿਗੁਰਾਂ ਦੇ ਹਜ਼ੂਰ ਪੇਸ਼ ਕੀਤੇ ਹਰੀ ਰਸ ਦੀਆਂ ਟੋਟਾਂ ਵੇਲੇ ਮਖਮੂਰੀਆਂ ਪ੍ਰਾਪਤ ਕੀਤੀਆਂ ਤੇ ਸਦਾ ਦੈਵੀ ਰੰਗਾਂ ਦੇ ਰਸ ਮਾਣੇ। ਹਾਂ, ਆਪ ਦੇ ਹਿਰਦੇ ਵਿਚ ਇਸ ਪਾਵਨ ਮੰਦਰ ਲਈ ਅਗਾਧ ਪ੍ਰੇਮ ਭਰੀ ਸ਼ਰਧਾ ਸੀ। ਆਪ ਸ੍ਰੀ ਗੁਰੂ ਰਾਮਦਾਸ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਇਥੇ ਸਦਾ ਵੱਸ ਰਹੇ ਤੇ ਆਤਮਕ ਛੋਹਾਂ ਬਖਸ਼ ਰਹੇ ਅਨੁਭਵ ਕੀਤਾ ਕਰਦੇ ਸਨ, ਤੇ ਹਾਂ, ਇਸ ਮੰਦਰ ਨੂੰ ਆਪ ਸੰਸਾਰ ਦਾ ਮੰਦਰ ਨਹੀਂ, ਪਰ ਅਰਸ਼ਾਂ ਤੋਂ ਉਤਰਿਆ ਮੰਦਰ ਮੰਨਦੇ ਸਨ। ਇਸ ਪਾਵਨ ਮੰਦਰ ਬਾਰੇ ਜਦ ਕਦੀ ਬੀ ਆਪ ਦਾ ਜ਼ਿਕਰ ਕਿਸੇ ਨਾਲ ਹੋਇਆ, ਆਪਦੀ ਸ਼ਰਧਾ ਡੁੱਲ੍ਹ ਡੁੱਲ੍ਹ ਪੈਂਦੀ ਰਹੀ, ਇਥੇ ਇਸੇ ਧਰਮ ਮੰਦਰ ਸੰਬੰਧੀ ਅਸੀਂ ਉਨ੍ਹਾਂ ਦੇ ਕਹੇ ਕੁਝ ਵਚਨ ਯਾਦ ਕਰਨ ਦਾ ਯਤਨ ਕਰਦੇ ਹਾਂ।

ਸੰਨ ੧੯੩੯ ਦੀ ਗੱਲ ਹੈ ਕਿ ਸ੍ਰੀ ਦਰਬਾਰ ਸਾਹਿਬ ਹਰਿਮੰਦਰ ਵਿਚ ਕੀਰਤਨ ਕਰਨ ਵਾਲੇ ਇਕ ਨੌਜਵਾਨ ਰਾਗੀ ਸਿੰਘ ਆਪ ਨੂੰ ਮਿਲਣ ਆਏ, ਮਾਮਲਾ ਉਹ ਕੁਝ ਐਸਾ ਲੈਕੇ ਆਏ ਸਨ ਜਿਸ ਤੋਂ ਓਹ ਕੁਝ ਕੀਰਤਨ ਦੀ ਸੇਵਾ ਤੋਂ ਮਾਨੋ ਉਚਾਟ ਸਨ, ਗੱਲ ਛਿੜ

ਪਈ ਸ੍ਰੀ ਹਰਿਮੰਦਰ ਸਾਹਿਬ ਦੀ, ਤੇ ਇਸ ਮੰਦਰ ਵਿਚ ਕੀਰਤਨ ਦੀ ਸੇਵਾ ਦੀ ਤੇ ਉਸ ਨੂੰ ਮੁੜ ਇਸ ਸੇਵਾ ਦੀ ਸੁਭਾਗਤਾ ਵਿਚ ਜਗਾਉਣ ਲਈ ਆਪ ਕਹਿਣ ਲਗੇ:-

ਵਾਹਿਗੁਰੂ ਦੀ ਮਿਹਰ ਹੈ ਤੁਸਾਂ ਨੂੰ ਕੀਰਤਨ ਕਰਨ ਲਈ ਸ੍ਰੀ ਹਰਿਮੰਦਰ ਸਾਹਿਬ ਥਾਂ ਮਿਲੀ ਹੈ, ਕਿੰਨਾ ਮਾਣ ਹੋਣਾ ਚਾਹੀਦਾ ਹੈ ਤੁਸਾਂ ਨੂੰ ਇਸ ਉੱਚ ਸੇਵਾ ਦਾ ! ਇਹ ਮੰਦਰ ਅਸਾਂ ਕੰਗਾਲਿਆਂ ਕੂਕਰਾਂ ਲਈ ਸਾਡੇ ਅਰਸ਼ਾਂ ਦੇ ਸਾਈਂ ਸ੍ਰੀ ਗੁਰੂ ਰਾਮਦਾਸ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਐਸਾ ਸਾਜਿਆ ਹੈ ਕਿ ਜਿਸ ਦੀ ਮਿਸਾਲ ਦੁਨੀਆਂ ਦੇ ਤਖਤੇ ਤੇ ਨਹੀਂ ਮਿਲਦੀ, ਪਰ ਸ਼ੋਕ ਹੈ ਕਿ ਸਾਨੂੰ ਇਸ ਦੀ ਕਦਰ ਨਹੀਂ। ਇਹ ਮੈਂ ਸਿਖ ਹੋਣ ਦੀ ਹੈਸੀਅਤ ਵਿਚ ਇਕ ਸਿਖ ਧਰਮ ਮੰਦਰ ਦੀ ਮਹਿਮਾ ਨਹੀਂ ਕਰ ਰਿਹਾ, ਮੈਂ ਖੁਦ ਗ਼ੈਰ ਮਜ਼ਹਬ ਦੇ ਲੋਕ ਡਿੱਠੇ ਹਨ ਜੋ ਇਸ ਦੀ ਉਲੂਹੀਅਤ ਤੇ ਦੈਵੀ ਸ਼ਕਤੀ ਦੇ ਕਾਇਲ ਹੋਏ। ਜੋ ਭੀ ਅਭਯਾਸੀ ਪੁਰਸ਼ ਏਥੇ ਆਏ, ਭਾਵੇਂ ਓਹ ਕਿਸੇ ਮਜ਼ਹਬ ਯਾ ਵਿਸ਼ਵਾਸ ਵਾਲੇ ਸਨ, ਓਹ ਮੋਹਿਤ ਤੇ ਆਸ਼ਕ ਹੋ ਹੋ ਗਏ। ਕਾਰਨ ਇਹ ਕਿ ਇਕ ਤਾਂ ਇਸ ਪਾਵਨ ਹਰਿਮੰਦਰ ਦਾ ਨਮੂਨਾ ਐਸਾ ਸੁੰਦਰ ਤੇ ਪ੍ਰਭਾਵਸ਼ਾਲੀ ਹੈ ਕਿ ਦਰਸ਼ਨ ਕਰਦਿਆਂ ਹੀ ਚਿਤ ਵਿਸਮਾਦ ਦੀ ਛੁਹ ਲੈ ਲੈਂਦਾ ਹੈ, ਦੂਜੇ ਏਥੇ ਸ਼ਬਦ ਨੂੰ ਆਪ ਕੋਈ ਐਸਾ ਚੱਕ੍ਰ ਦੇ ਗਏ ਹਨ ਕਿ ਸਦੀਆਂ ਬੀਤ ਜਾਣ ਤੇ ਬੀ ਉਹ 'ਕਰੰਟ' (Current) ਅਜੇ ਓਸੇ ਤਰ੍ਹਾਂ ਖਿੱਚ ਰਹੀ ਤੇ ਵਾਯੂ ਮੰਡਲ ਨੂੰ ਮੁਅੱਤਰ ਕਰਕੇ ਰਸ ਸੁਆਦ ਦੀਆਂ ਛਹਿਬਰਾਂ ਲਾ ਰਹੀ ਹੈ। ਪਤਾ ਨਹੀਂ ਉਸ ਦੈਵੀ ਇੰਜੀਨੀਅਰ ਮੇਰੇ ਸਤਿਗੁਰੂ ਦੇ ਹਿਰਦੇ ਵਿਚ ਕਿੰਨਾ ਕਮਾਲ ਸੀ ਤੇ ਕਿੰਨੀਆਂ ਦੈਵੀ ਅਮਰ ਵਿਉਂਤਾਂ ਸਨ ਕਿ ਇਹ ਰਸ ਫੁਹਾਰ ਸਦੀਆਂ ਤੋਂ ਇਥੇ ਅਟੱਲ ਵਸ ਰਹੀ ਹੈ।

ਪਹਿਲੋਂ ਕੀਰਤਨ ਸਤਿਸੰਗ ਸਤਿਗੁਰੂ ਜੀ ਦੇ ਮਹਿਲਾਂ ਵਿਚ ਹੋਇਆ ਕਰਦੇ ਸਨ, ਪਰ ਫਿਰ ਆਪ ਨੇ ਮਹਿਲਾਂ ਤੋਂ ਲਗਭਗ ਇਕ ਮੀਲ ਦੀ ਦੂਰੀ ਤੇ, ਇਕ ਉਜਾੜ ਜੇਹੀ ਥਾਂ ਵਿਚ, ਜੋ ਗੁਰੂ ਨਾਨਕ ਦੇਵ ਜੀ ਦੇ ਪਾਵਨ ਚਰਨਾਂ ਨਾਲ ਕਦੇ ਪਵਿਤ੍ਰ ਹੋ ਚੁਕੀ ਸੀ, ਮੰਦਰ ਬਣਾਇਆ ਤੇ ਐਸਾ ਬਣਾਇਆ ਕਿ ਇਸ ਵਿਚ ਆਪਣੀ ਰਚਨਾ ਸ੍ਰੀ

ਗੁਰੂ ਗ੍ਰੰਥਜ ਸਾਹਿਬ ਸਥਾਪਨ ਕਰਕੇ ਆਪ ਚੌਰ ਕਰਦੇ ਤੇ ਪਰਮ ਸਤਿਕਾਰ ਭੇਟਾ ਕਰਦੇ ਰਹੇ। ਇਹ ਮਾਨੋਂ ਮੂਰਤੀ ਪੂਜਾ ਨੂੰ ਛੁਡਵਾਕੇ ਸ਼ਬਦ ਨੂੰ ਪਿਆਰਨ, ਸਿਮਰਨ ਤੇ ਪੂਜਣ ਦਾ ਵੱਲ ਸਿਖਾਉਣ ਵਾਲਾ ਮੰਦਰ ਸਾਜਿਆ। ਉਸ ਦਾਤੇ ਦੇ ਇਸ ਸੁਹਣੇ ਮੰਦਰ ਵਿਚ ਉਥੇ ਹੀ ਰਾਜਾ ਬੈਠਦਾ ਹੈ ਓਥੇ ਹੀ ਰੰਕ, ਓਥੇ ਹੀ ਪਵਿਤ੍ਰ ਆਤਮਾ ਗੁਰਮੁਖ ਬੈਠਦੇ ਹਨ ਓਥੇ ਹੀ ਮੇਰੇ ਵਰਗੇ ਪਾਪੀ ਬੈਠਦੇ ਹਨ, ਹਾਂ ਸਭ ਕਿਸੇ ਨੂੰ ਸਮਸਰ ਬੈਠਣ ਦਾ ਹੱਕ ਹੈ, ਕਿੰਨਾ ਫਖਰ ਹੋਣਾ ਚਾਹੀਦਾ ਹੈ ਸਾਨੂੰ ਜਗਤ ਵਿਚ ਅਨੋਖੇ ਤੇ ਅਨੂਪਮ ਆਪਣੇ ਇਸ ਪੂਜਯ ਧਰਮ ਮੰਦਰ ਪਰ !

ਭਾਈ ਸਾਹਿਬ ਜੀ ਨੇ ਫਿਰ ਕੁਝ ਗ਼ੈਰ ਮਜ਼ਹਬਾਂ ਦੇ ਹੋ ਚੁਕੇ ਅਭਯਾਸੀ ਪੁਰਸ਼ਾਂ ਦੇ ਸ੍ਰੀ ਹਰਿਮੰਦਰ ਦੇ ਆਸ਼ਕ ਹੋਣ ਦੇ ਸਮਾਚਾਰ ਸੁਣਾਏ। ਕਿਹਾ: ਇਕ ਮੋਨੀ ਮੁਸਲਮਾਨ ਫਕੀਰ ਹੋ ਗੁਜ਼ਰੇ ਹਨ, ਜੋ ਚੰਗੇ ਘਾਲੀ ਤੇ ਕਰਨੀ ਵਾਲੇ ਸਨ। ਓਹ ਹਮੇਸ਼ਾ ਸ੍ਰੀ ਦਰਬਾਰ ਸਾਹਿਬ ਹੀ ਪਏ ਰਹਿੰਦੇ ਸਨ। ਮੈਨੂੰ ਸਾਧਾਂ ਸੰਤਾਂ ਤੇ ਘਾਲੀ ਪੁਰਸ਼ਾਂ ਨਾਲ ਮਿਲਣ ਦਾ ਸ਼ੌਕ ਸੀ, ਇਸ ਲਈ ਉਹ ਮੇਰੇ ਬੀ ਵਾਕਫ ਸਨ, ਮੈਨੂੰ ਪਿਆਰ ਬੀ ਬੜਾ ਕਰਦੇ ਹੁੰਦੇ ਸਨ। ਕਾਲੇ ਜਿਹੇ ਭੂਰੇ ਦੀ ਸਦਾ ਬੁੱਕਲ ਮਾਰੀ ਰਖਦੇ ਤੇ ਗੱਲਾਂ ਇਸ਼ਾਰਿਆਂ ਨਾਲ ਕੀਤਾ ਕਰਦੇ ਸਨ, ਬੋਲਦੇ ਉੱਕਾ ਨਹੀਂ ਸਨ। ਮੈਂ ਜਦ ਕਦੀ ਕਿਸੇ ਗੱਲੇ ਉਦਾਸ ਹੋਵਾਂ ਤਾਂ ਮੇਰੀ ਉਦਾਸੀ ਨੂੰ ਘੰਟਾ ਦੋ ਘੰਟੇ ਬੀ ਨਹੀਂ ਸਨ ਬੀਤਦੇ ਕਿ ਓਹ ਘਰ ਆ ਜਾਂਦੇ। ਕੁਰਸੀ ਪੇਸ਼ ਹੁੰਦੀ, ਪਰ ਨਾ ਬੈਠਦੇ, ਮੇਰੀਆਂ ਬਾਹਾਂ ਪਰ ਉਂਗਲਾਂ ਨਾਲ ਕੁਝ ਐਸਾ ਕਰਦੇ ਜਿਵੇਂ ਕੋਈ ਚੀਜ਼ ਉਪਰ ਨੂੰ ਉਡਾ ਰਹੇ ਹਨ, ਕੁਝ ਚਿਰ ਬਾਦ ਮੇਰੀ ਤਬੀਅਤ ਸਾਫ ਹੋ ਜਾਂਦੀ ਤਾਂ ਚਲੇ ਜਾਂਦੇ। ਫਿਰ ਜੇ ਪੁੱਛੋ ਕਿ ਪ੍ਰਸ਼ਾਦ ਛਕਿਆ ਹੈ? ਤਾਂ ਸਿਰ ਹਿਲਾ ਕੇ 'ਹਾਂ' ਯਾਂ 'ਨਾਂਹ' ਵਿਚ ਜਵਾਬ ਦੇ ਦਿੰਦੇ। ਜੇ ਨਾ ਛਕਿਆ ਹੁੰਦਾ ਤਾਂ ਜੇ ਤੁਸੀਂ ਬੁੱਕ ਭਰਕੇ ਮੋਹਰਾਂ ਰੁੱਪਯਾਂ ਪੈਸਿਆਂ ਦਾ ਅੱਗੇ ਕਰ ਦਿਓ ਤਾਂ ਵਿਚੋਂ ਸਿਰਫ ਉਤਨੇ ਪੈਸੇ ਚੁੱਕਦੇ ਜਿੰਨੇ ਉਸ ਵੇਲੇ ਫੁਲਕੇ ਖਾਣੇ ਹੁੰਦੇ। ਪੈਸੇ ਪੈਸੇ ਫੁਲਕਾ ਤਦੋਂ ਮਿਲਦਾ ਹੁੰਦਾ ਸੀ ਤੇ ਆਪ ਦੋ ਯਾਂ ਤਿੰਨ ਪੈਸੇ ਹੀ ਚੁਕਦੇ ਹੁੰਦੇ ਸਨ। ਐਸੇ ਸੰਤੋਖੀ ਤੇ ਨਿਰਲੋਭ ਸਨ। ਪ੍ਰਸ਼ਾਦ ਕਿਸੇ

ਦੁਕਾਨ ਤੋਂ ਛਕਣਾ ਤੇ ਫੇਰ ਗੁਰੂ ਰਾਮਦਾਸ ਜੀ ਦਾ ਦਰ ਜਾ ਮੱਲਣਾ। ਅਨੇਕ ਵਾਕਯਾਤ ਉਨ੍ਹਾਂ ਦੇ ਨਾਲ ਵਰਤੇ ਦੇਖੇ ਜੋ ਉਨ੍ਹਾਂ ਦੀ ਕਰਨੀ ਦੀ ਸਾਖ ਭਰਦੇ ਸਨ। ਇਤਨੀ ਕਰਨੀ ਵਾਲੇ ਮੁਸਲਮਾਨ ਅਭਯਾਸੀ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਇਤਨੇ ਆਸ਼ਕ ਸਨ ਕਿ ਦਿਨ ਰਾਤ ਇਸ ਪਾਵਨ ਦਰ ਤੋਂ ਜੁਦਾ ਨਹੀਂ ਹੁੰਦੇ। ਇਸ਼ਾਰਿਆਂ ਨਾਲ ਜੋ ਇਸ ਪਾਵਨ ਮੰਦਰ ਦੀ ਮਹਿਮਾ ਦੱਸਦੇ ਗੁੰਗੇ ਦੀ ਮਠਿਆਈ ਵਾਂਗ ਮਾਨੋ ਬਿਆਨ ਨਾ ਕਰ ਸਕਣ ਦੇ ਇਸ਼ਾਰੇ ਦਿੰਦੇ।

ਇਕ ਹੋਰ ਸੰਤ ਸ੍ਰੀ ਕ੍ਰਿਸ਼ਨ ਜੀ ਦੇ ਭਗਤ ਹੋ ਗੁਜ਼ਰੇ ਹਨ ਜੋ ਬੁੰਦਿਆਂ ਵਾਲੇ ਸੰਤ ਕਰਕੇ ਪ੍ਰਸਿਧ ਸਨ। ਇਨ੍ਹਾਂ ਦੇ ਵਿਸ਼ਨੂੰ ਪੁਰਾਣ ਕੰਠਾਗ੍ਰ ਸੀ, ਵੇਦ ਵਕਤਾ, ਮਹਾਨ ਪੰਡਿਤ ਤੇ ਚੰਗੇ ਤਪੱਸਵੀ ਪੁਰਸ਼ ਸਨ। ਹਜ਼ਾਰਾਂ ਰੁਪਏ ਦੇ ਗਹਿਣੇ ਕਪੜੇ ਨਾਲ ਰਖਦੇ, ਰਾਸਾਂ ਪੁਆਉਂਦੇ ਤੇ ਸ੍ਰੀ ਕ੍ਰਿਸ਼ਨ ਜੀ ਦੀ ਲੀਲਾ ਵਿਚ ਮਸਤ ਰਹਿੰਦੇ। ਪਰ ਜਦ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਪਾਏ, ਸਭ ਕੁਝ ਛੁਟ ਗਿਆ, ਰਾਸਾਂ ਬੰਦ ਹੋ ਗਈਆਂ। ਗਹਿਣੇ ਕਪੜੇ ਵੰਡ ਦਿਤੇ। ਨੇਸ਼ਟਾ ਹੀ ਪਲਟ ਗਈ। ਓਹ ਕਿਹਾ ਕਰਦੇ ਹੁੰਦੇ ਸਨ: ਅੱਡ ਅੱਡ ਧਰਮਾਂ ਦੇ ਧਰਮ ਪੁਸਤਕ, ਉਨ੍ਹਾਂ ਦੇ ਸੁੱਚੇ ਅਸੂਲ, ਧਰਮ ਮਾਰਗ ਦੇ ਉਪਦੇਸ਼ ਸਭ ਅੱਛੇ ਹਨ, ਮਾੜਾ ਕੋਈ ਨਹੀਂ, ਸਾਰੇ ਪਾਰ ਉਤਾਰਾ ਕਰ ਸਕਦੇ ਹਨ ਪਰ ਏਹ ਸਭੇ ਨੌਕਾ ਤੇ ਬੇੜੀਆਂ ਸਮਾਨ ਹਨ, ਜੋ ਸਾਗਰ ਵਿਚੋਂ ਪਾਰ ਤਾਂ ਕਰ ਸਕਦੀਆਂ ਹਨ ਪਰ ਡੁੱਬਣ ਦਾ ਖਤਰਾ ਬਣਿਆ ਰਹਿੰਦਾ ਹੈ, ਪਰ ਸ੍ਰੀ ਗੁਰੂ ਰਾਮਦਾਸ ਜੀ ਦਾ ਇਹ ਮੰਦਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਉਪਦੇਸ਼ ਤਾਂ ਪੁਲ ਸਮਾਨ ਹਨ, ਬੇ-ਖਤਰ ਤੇ ਨਿਰਵਿਘਨ ਪਾਰ ਲੰਘਣ ਦਾ ਰਸਤਾ ਹੈ। ਅਸੀਂ ਤਾਂ ਹੁਣ ਕਿਸੇ ਹੋਰ ਬੇੜੀ ਨੌਕਾ ਦੀ ਤਾਂਘ ਹਟਾ ਦਿਤੀ ਹੈ, ਇਸੇ ਪੁਲ ਪਰ ਤੋਂ ਹੀ ਭਵ ਸਾਗਰ ਨੂੰ ਪਾਰ ਕਰਾਂਗੇ, ਕਿਉਂਕਿ ਇਸ ਵਿਚ ਖ਼ਤਰੇ ਦਾ ਕੋਈ ਅੰਦੇਸ਼ਾ ਨਹੀਂ।

ਫਿਰ ਇਹ ਸੰਤ ਕਿਹਾ ਕਰਦੇ ਸਨ ਕਿ ਇਹ ਸਾਰੀ ਭੂਮੀ, ਸਮੇਤ ਚੁਗਿਰਦੇ ਦੀ ਪ੍ਰਕਰਮਾ ਦੇ ਮਹਾਨ ਸ਼ਕਤੀਸ਼ਾਲੀ ਤੇ ਪਵਿੱਤ੍ਰ ਹੈ। ਘੰਟੇ ਘਰ ਵਾਲੀ ਥਾਂ ਤੇ ਖੜੋਕੇ ਹਜ਼ਾਰ ਵਾਰ 'ਵਾਹਿਗੁਰੂ' ਕਹੋ,

ਉਹ ਰਸ ਨਹੀਂ ਆਵੇਗਾ ਜੋ ਪ੍ਰਕਰਮਾ ਵਿਚ ਖੜੋਕੇ ਇਕ ਵਾਰ 'ਵਾਹਿਗੁਰੂ' ਕਹਿਣ ਨਾਲ ਆਉਂਦਾ ਹੈ। ਇਹ ਸ੍ਰੀ ਗੁਰੂ ਰਾਮਦਾਸ ਜੀ ਦੀ ਹਜ਼ੂਰੀ ਦੀ ਸਤਯਾ ਹੈ, ਇਸੇ ਲਈ ਇਸ ਤੋਂ ਵਿਛੁੜਿਆ ਨਹੀਂ ਜਾ ਸਕਦਾ। ਜੋ ਲੋਕ ਅੰਮ੍ਰਿਤਸਰ ਦੇ ਵਾਸੀ ਹੋਕੇ ਸ੍ਰੀ ਹਰਿਮੰਦਰ ਜੀ ਦੀ ਰੋਜ਼ ਹਾਜ਼ਰੀ ਭਰਦੇ, ਕੀਰਤਨ ਦਾ ਅਮੁੱਲ ਪਦਾਰਥ ਲਗਾਤਾਰ ਪ੍ਰਾਪਤ ਕਰਦੇ ਰਹਿੰਦੇ ਹਨ, ਓਹ ਕਿੰਨੇ ਭਾਗਸ਼ੀਲ ਹਨ। ਆਪ ਇਹ ਸੰਤ ਜਦ ਬੀ ਸ੍ਰੀ ਅੰਮ੍ਰਿਤਸਰ ਆਉਂਦੇ, ਦਿਨ ਰਾਤ ਸ੍ਰੀ ਦਰਬਾਰ ਸਾਹਿਬ ਰਹਿੰਦੇ ਤੇ ਬਹੁਤ ਕਰਕੇ ਹਰਿ ਕੀ ਪੌੜੀ ਉਪਰ, ਜਿਥੇ ਸ੍ਰੀ ਅਖੰਡ ਪਾਠ ਸਦਾ ਹੁੰਦੇ ਰਹਿੰਦੇ ਹਨ, ਬੈਠੇ ਪਾਠ ਸੁਣਦੇ ਰਹਿੰਦੇ। ਜੇ ਕੋਈ ਪ੍ਰੇਮੀ ਕਿਤੇ ਲਿਜਾਣਾ ਚਾਹੁੰਦਾ ਤਾਂ ਕਹਿੰਦੇ:

'ਕਾਹੇ ਕੋ ਬਿਛੋਰਤੇ ਹੋ, ਮਿਲੇ **ਬੈਠੇ** ਹੈਂ, ਮਿਲੇ ਰਹਿਨੇ ਦੋ'।

ਭਾਈ ਸਾਹਿਬ ਜੀ ਨੇ ਦੱਸਿਆ ਕਿ ਇਸੇ ਤਰ੍ਹਾਂ ਖਾਲਸਾ ਕਾਲਜ ਦੇ ਇਕ ਗੈਰ ਸਿੱਖ ਪ੍ਰੋਫੈਸਰ ਸਨ ਜੋ ਥੀਓਸੋਫਿਸਟ (ਬ੍ਰਹਮ ਵਿਦਯਾ ਦੇ ਸਿੱਧਾਂਤਾਂ ਨੂੰ ਮੰਨਣ ਵਾਲੇ) ਸਨ ਤੇ ਰਾਜਪੂਤਾਨੇ ਵੱਲ ਦੇ ਰਹਿਣ ਵਾਲੇ ਸਨ ਅਤੇ ਆਪਣੇ ਮਤ ਦੇ ਚੰਗੇ ਅਭਿਆਸੀ ਪੁਰਸ਼ ਸਨ। ਇਕ ਦਿਨ ਅਚਾਨਕ ਸ੍ਰੀ ਦਰਬਾਰ ਸਾਹਿਬ ਚਲੇ ਗਏ, ਘਰੋਂ ਤੁਰੇ ਤਾਂ ਚਿਤ ਉਦਾਸ ਤੇ ਦਿਲ ਬੁਝਿਆ ਹੋਇਆ ਸੀ, ਘੰਟੇ ਘਰ ਦੀਆਂ ਪੌੜੀਆਂ ਉਤਰਦੇ ਹੀ ਸਨ ਕਿ ਤਬੀਅਤ ਖਿੜ ਗਈ, ਆਪਣਾ ਅਭਿਆਸ, ਜੋ ਕਿਸੇ ਮੈਲ ਦੇ ਕਾਰਨ ਬੱਝ ਵਿਚ ਸੀ, ਖੁੱਲ੍ਹ ਗਿਆ। ਇਹ ਅਚਾਨਕ ਤਬਦੀਲੀ ਤੱਕ ਕੇ ਉਨ੍ਹਾਂ ਦਾ ਚਿਤ ਚੱਕ੍ਰਿਤ ਰਹਿ ਗਿਆ, ਪਰ ਚਿਤ ਵਿਚ ਖੁਤਖੁਤੀ ਲਗ ਗਈ ਕਿ ਕੀ ਇਹ ਇਸ ਜਗ੍ਹਾ ਦੀ ਸਤਯਾ ਹੈ ਯਾ ਕਿ ਐਵੇਂ ਅਚਾਨਕ ਆਪਣੇ ਆਪ ਹੀ ਇਹ ਮੇਰੇ ਤੇ ਘਟਨਾ ਵਾਪਰ ਗਈ ਹੈ। ਆਦਮੀ ਸਿਆਣਾ ਸੀ, ਉਸ ਨੇ ਫਿਰ ਉਚੇਚੇ ਪਰਤਾਵਿਆਂ ਲਈ ਕਈ ਵਾਰ ਤਜਰਬੇ ਕੀਤੇ। ਦੁਖ ਉਦਾਸੀ ਵੇਲੇ ਸ੍ਰੀ ਦਰਬਾਰ ਸਾਹਿਬ ਆਇਆ ਕਰੇ ਤੇ ਖੇੜਾ ਤੇ ਆਪਣਾ ਸਿਮਰਣ ਬਹਾਲ ਕਰਕੇ ਲੈ ਜਾਇਆ ਕਰੇ। ਉਹ ਕਿਹਾ ਕਰਦਾ ਸੀ ਕਿ ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਨੇ ਪਤਾ ਨਹੀਂ ਇਥੇ ਕਿਸ ਕਿਸਮ ਦੀ ਬਿਜਲੀ ਭਰੀ ਹੋਈ ਹੈ ਕਿ ਪੈਰ ਪਹਿਲੀ ਪਉੜੀ ਤੇ

ਟਿਕਾਇਆ ਨਹੀਂ ਕਿ ਕਰੰਟ ਵਰਗਾ ਅਸਰ ਹੁੰਦਾ ਹੈ, ਅੰਦਰਲੀ ਅੱਗ ਬੁਝ ਕੇ ਠੰਢ ਪੈ ਜਾਂਦੀ ਤੇ ਆਤਮਾਂ ਵਿਚ ਸ਼ਾਂਤੀ ਵਰਤ ਜਾਂਦੀ ਹੈ।

ਭਾਈ ਸਾਹਿਬ ਜੀ ਨੇ ਫਿਰ ਦੱਸਿਆ ਕਿ ਫਰਾਂਸ ਦਾ ਇਕ ਅਭਿਆਸੀ ਚਿੱਤ੍ਰਕਾਰ ਇਥੇ ਆਇਆ ਤੇ ਉਸ ਨੇ ਬੀ ਆਪਣੇ ਉਪਰ ਇਸੇ ਤਰ੍ਹਾਂ ਦਾ ਕੁਝ ਵਾਪਰਦਾ ਪ੍ਰਤੀਤ ਕੀਤਾ। ਸਾਨੂੰ ਬੀ ਉਸ ਨੂੰ ਮਿਲਣ ਦਾ ਮੌਕਾ ਬਣਿਆ। ਉਹ ਦਰਬਾਰ ਸਾਹਿਬ ਦੀ ਇਕ ਬੜੀ ਵੱਡੀ ਤਸਵੀਰ ਚਿੱਤ੍ਰ ਕੇ ਨਾਲ ਲੈ ਗਿਆ ਸੀ। ਉਹ ਕਿਹਾ ਕਰਦਾ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰੋਂ ਸੰਗ ਮਰਮਰ ਵਿਚ ਦੀ ਇਕ ਅਨੋਖੀ ਰੌਸ਼ਨੀ ਫੁਟ ਫੁਟ ਕੇ ਬਾਹਰ ਨੂੰ ਆਉਂਦੀ ਤੇ ਠੰਢ ਪਾਉਂਦੀ ਦਿਸਦੀ ਹੈ, ਮੈਂ ਕੋਸ਼ਿਸ਼ ਕਰ ਰਿਹਾ ਹਾਂ ਉਸ ਨੂੰ ਚਿੱਤ੍ਰ ਲਵਾਂ ਪਰ ਚਿੱਤ੍ਰੀ ਨਹੀਂ ਜਾਂਦੀ, ਬੜੀ ਕੋਸ਼ਿਸ਼ ਕੀਤੀ ਹੈ ਪਰ ਨਾਕਾਮਯਾਬ ਰਿਹਾ ਹਾਂ। ਪਤਾ ਨਹੀਂ ਇਹ ਰੌਸ਼ਨੀ ਇਸ ਦੇ ਰਚਣਹਾਰ ਜੀ ਨੇ ਕਿਵੇਂ ਇਥੇ ਸਥਾਪਤ ਕੀਤੀ ਹੈ।

ਆਪ ਨੇ ਹੋਰ ਦੱਸਿਆ ਕਿ ਇਸ ਹਰੀਮੰਦਰ ਦੀ ਮਹਿਮਾ ਬਦੇਸ਼ੀ ਅਭਿਆਸੀ ਪੁਰਸ਼ ਇਉਂ ਦੇਖਕੇ ਪ੍ਰਤੀਤ ਕਰਦੇ ਰਹੇ ਹਨ। ਪਿਛੇ ਜਿਹੇ ਇਕ ਇਟੇਲੀਅਨ ਇਥੇ ਆਇਆ। ਉਸ ਨੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕੀਤੇ, ਜਾਣ ਲੱਗਾ ਰਾਇਬੁਕ ਤੇ ਸ੍ਰੀ ਹਰਿਮੰਦਰ ਸਾਹਿਬ ਬਾਰੇ ਆਪਣੀ ਰਾਇ ਇਹ ਲਿਖ ਗਿਆ: ਓਿਕਗਕ ਜਤ ਅਰ ਤਕਬਕਗ਼ਵਜਰਅ। ਇਥੇ ਜੁਦਾਈ ਉੱਕਾ ਹੀ ਨਹੀਂ ਹੈ, ਭਾਵ ਏਥੇ ਵਸਲ ਹੀ ਵਸਲ ਹੈ। ਗੁਰਦੁਆਰਾ ਕਮੇਟੀ ਨੇ ਅਪਣੇ ਪੱਤ੍ਰ ਵਿਚ ਬਦੇਸ਼ੀ ਯਾਤ੍ਰੀਆਂ ਦੀਆਂ ਰਾਵਾਂ ਵਿਚ ਇਹ ਬੀ ਛਾਪੀ ਸੀ।

ਇਸ ਪਾਵਨ ਭੂਮੀ ਤੇ ਪਾਵਨ ਸਰੋਵਰ ਦੇ ਪਵਿਤ੍ਰ ਅੰਮ੍ਰਿਤ ਦੀ ਸ਼ਕਤੀ ਬਾਰੇ ਸ੍ਰੀ ਦਰਬਾਰ ਸਹਿਬ ਕਮੇਟੀ ਨੇ ਇਨ੍ਹਾਂ ਦਿਨਾਂ (੧੯੩੯) ਵਿਚ ਹੀ ਵਰਤੇ ਦੋ ਵਾਕਯਾਤ ਦੱਸੇ ਹਨ। ਇਕ ਤਾਂ ਕੋਈ ਲੁਧਿਆਣੇ ਦਾ ਚੇਨ ਸਮੋਕਰ ਹਿੰਦੂ ਸਜਣ ਸੀ, ਜਿਸ ਨੇ ਸਿਗਰਟ ਛੋੜਨ ਲਈ ਗੁਰੂ ਰਾਮਦਾਸ ਦੇ ਦਰਬਾਰ ਸੱਚੇ ਦਿਲੋਂ ਯਾਚਨਾ ਕੀਤੀ ਤੇ ਉਸ ਤੋਂ ਬਾਦ ਉਸ ਨੂੰ ਤੰਬਾਕੂ ਨਾਲ ਐਸੀ ਨਫਰਤ ਹੋ ਗਈ ਕਿ ਫਿਰ ਸਿਗਰਟ ਨੂੰ ਹੱਥ ਤਕ ਨਹੀਂ ਲਾਇਆ, ਸਗੋਂ ਹੋਰਨਾਂ ਨੂੰ

ਪੀਂਦਾ ਤੱਕੇ ਤਾਂ ਬੁਰਾ ਪ੍ਰਤੀਤ ਕਰੇ। ਇਕ ਹੋਰ ਘਟਨਾ ਵਿਚ ਇਕ ਨੈਣ ਹੀਣ ਬੀਬੀ ਦੀ ਸ਼ਰਧਾ ਨੂੰ ਫਲ ਲਗਾ, ਅੰਮ੍ਰਿਤ ਦੇ ਛੱਟਿਆਂ ਨੇ ਉਸ ਦੀ ਨੈਣ ਜੋਤਿ ਹਰੀ ਕਰ ਦਿਤੀ ਤੇ ਉਹ ਜੋ ਅਪਣੀ ਮਾਂ ਦਾ ਹੱਥ ਫੜਕੇ ਯਾਤ੍ਰਾ ਨੂੰ ਆਈ ਸੀ, ਗੁਰੂ ਦਰਬਾਰ ਦੇ ਆਪਣੀ ਨੈਣੀ ਦਰਸ਼ਨ ਕਰਕੇ ਸਫਲ ਵਾਪਸ ਮੁੜੀ।

ਫਿਰ ਆਪ ਉਸ ਰਾਗੀ ਸਿੰਘ ਨੂੰ ਸੰਬੋਧਨ ਕਰਕੇ ਕਹਿਣ ਲਗੇ ਮੇਰਾ ਸਰੀਰ ਬਿਰਧ ਹੈ, ਕੰਮ ਕਾਜ ਬੀ ਇਤਨੇ ਛੋਹੇ ਹੋਏ ਹਨ ਕਿ ਫੁਰਸਤ ਘੱਟ ਮਿਲਦੀ ਹੈ ਤੇ ਨਾਲੇ ਹੁਣ ਮੈਂ ਬਹੁਤ ਬੋਲ ਬੀ ਨਹੀਂ ਸਕਦਾ, ਸਰੀਰ ਥਕਾਨ ਮੰਨਣ ਲਗ ਜਾਂਦਾ ਹੈ, ਮੈਂ ਇਸ ਲਈ ਤੁਹਾਡਾ ਇਤਨਾ ਵਕਤ ਖਰਚ ਕੀਤਾ ਹੈ ਕਿ ਤੁਸੀਂ ਨੌਜਵਾਨ ਹੋ, ਇਸ ਰਸਤੇ ਪਏ ਹੋ, ਇਸ ਹਰਿਮੰਦਰ ਵਿਚ ਕੀਰਤਨ ਦੀ ਸੇਵਾ ਦਾ ਸੁਭਾਗ ਤੁਸਾਂ ਨੂੰ ਪ੍ਰਾਪਤ ਹੋਇਆ ਹੈ, ਸਤਿਗੁਰੂ ਨੇ ਤੁਸਾਂ ਦੀ ਰਸਨਾ ਵਿਚ ਰਸ ਤਾਸੀਰ ਬਖਸ਼ੀ ਹੈ, ਕਰ ਲਓ ਰੱਜ ਕੇ ਸੇਵਾ, ਉਦਾਸ ਨਾ ਹੋਵੋ ਤੇ ਸੰਗਤ ਨੂੰ ਫੈਜ਼ਯਾਬ ਕਰੋ, ਨਾਲੇ ਅਪਣੇ ਜੀਵਨ ਦਾ ਲਾਹਾ ਖੱਟ ਲਓ। ਇਸ ਵੇਲੇ ਸਤਿਸੰਗ ਦੀ ਕਾਲੀ ਰਾਤ ਪੈ ਰਹੀ ਹੈ, ਨਾਸਤਕਤਾ ਵਧ ਰਹੀ ਹੈ, ਅੱਗੇ ਇਹ ਸਮੇਂ ਨਹੀਂ ਸਨ, ਅਭਿਆਸੀ ਤੇ ਨਾਮਰਸੀਏ ਆਮ ਸਨ। ਸ੍ਰੀ ਦਰਬਾਰ ਸਾਹਿਬ ਹੀ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਵੇਲੇ ਏਥੋਂ ਦੇ ਹਰ ਡੇਰੇ ਦਾ ਮਹੰਤ, ਭਾਵੇਂ ਉਹ ਉਦਾਸੀ ਹੈ, ਯਾ ਨਿਰਮਲਾ, ਯਾ ਕਿਸੇ ਹੋਰ ਸੰਪ੍ਰਦਾ ਦਾ, ਜ਼ਰੂਰ ਪੁਜਦਾ ਸੀ ਤੇ ਕੀਰਤਨ ਸੁਣਦਾ ਸੀ। ਉਪਰਲੀ ਪਰਕਰਮਾਂ ਸਭ ਉਹਨਾਂ ਪ੍ਰਤਿਸ਼ਟਤ ਵਯਕਤੀਆਂ ਨਾਲ ਭਰੀ ਹੋਈ ਹੁੰਦੀ ਸੀ। ਓਹ ਆਪੂੰ ਬੀ ਜੋ ਸੁਣਦੇ ਸਨ ਕਮਾਉਂਦੇ ਸਨ। ਐਸੀਆਂ ਮਜਲਸਾਂ ਬੀ ਹੋਇਆ ਕਰਦੀਆਂ ਸਨ ਜਿਥੇ ਅਭਯਾਸੀ ਪੁਰਖ ਕੱਠੇ ਹੋਕੇ ਆਪਣੀਆਂ ਪਰਮਾਰਥਕ ਅੜਚਨਾਂ ਦੱਸਦੇ, ਦੂਸਰਿਆਂ ਤੋਂ ਦਰੁਸਤ ਅਗਵਾਈ ਲੈਂਦੇ, ਘਾਲਾਂ ਘਾਲਦੇ, ਹੋਰਨਾਂ ਨੂੰ ਰਸਤੇ ਟੋਰਦੇ ਰਹਿੰਦੇ ਸਨ। ਇਹ ਪਾਵਨ ਅਸਥਾਨ ਆਤਮਕ ਵਿਗਯਾਨ ਦਾ ਇਕ ਮਹਾਨ ਵਿਸ਼ਾਲ ਕੇਂਦਰ ਮੰਨਿਆ ਜਾਂਦਾ ਸੀ, ਪਰ ਅੱਜ ਉਹ ਮਜਲਸਾਂ ਦੁਰਲੱਭ ਹੋ ਰਹੀਆਂ ਹਨ; ਤੁਹਾਨੂੰ ਸੇਵਾ ਦਾ ਅਵਸਰ ਮਿਲਿਆ ਹੈ ਇਸ ਪਾਵਨ ਮੰਦਰ

ਵਿਚ, ਸਤਿਗੁਰੂ ਸਾਹਿਬਾਨ ਨੂੰ ਹਾਜ਼ਰ ਨਾਜ਼ਰ ਪ੍ਰਤੀਤ ਕਰਕੇ ਕੀਰਤਨ ਦੀ ਸੇਵਾ ਕਰੋ, ਲਾਹਾ ਖੱਟ ਲਓ, ਜਨਮ ਬਾਰ ਬਾਰ ਹੱਥ ਨਹੀਂ ਆਉਂਦਾ।

ਹਰੀ ਮੰਦਰ ਦੇ ਕੀਰਤਨ ਦੀ ਸੇਵਾ ਕਰ ਰਹੇ ਇਕ ਰਸੀਲੇ ਸਿੰਘ ਦੀ ਉਦਾਸੀ ਨੂੰ ਦੂਰ ਕਰਨ ਤੇ ਉਸ ਨੂੰ ਹਰਿਮੰਦਰ ਸਾਹਿਬ ਦੀ ਸੇਵਾ ਦੇ ਫਖਰ ਵਿਚ ਜਗਾਉਣ ਹਿਤ ਭਾਵੇਂ ਆਪ ਨੇ ਇਸ ਅਪਣੇ ਪੂਜਨੀਕ ਧਰਮ ਮੰਦਰ ਦੀ ਉਲੂਹੀਅਤ ਦਾ ਗਿਆਨ ਉਸ ਨੂੰ ਬਖਸ਼ਿਆ ਹੈ ਪਰ ਇਸ ਵਿਚ ਆਪ ਜੀ ਦੀ ਇਸ ਮੰਦਰ ਲਈ ਹਿਰਦੇ ਦੀ ਭਾਵਨਾ ਸਾਫ ਪ੍ਰਗਟ ਹੁੰਦੀ ਹੈ। ਚਾਰ ਸਤਰਾਂ ਦੀ ਇਕ ਰੁਬਾਈ ਬੀ ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਮਹਿਮਾ ਵਿਚ ਕਹੀ ਹੈ, ਜਿਸ ਵਿਚ ਇਸ ਨੂੰ ਆਪ ਨੇ ਸੰਸਾਰੀ ਨਹੀਂ ਪਰ ਅਰਸ਼ਾਂ ਤੋਂ ਉਤਰਿਆ ਮੰਦਰ ਤੇ ਹਰੀ ਰਸ ਦਾ ਵਿਸ਼ਾਲ ਕੇਂਦ੍ਰ ਦੱਸਿਆ ਹੈ ਜੋ ਫਕੀਰਾਂ, ਆਤਮਕ ਅਭਿਆਸੀਆਂ ਨੂੰ ਆਤਮ ਰਸ ਵਿਚ ਮਖਮੂਰ ਕਰਦਾ ਤੇ ਸਾਈਂ ਨਾਲ ਜੋੜਦਾ ਹੈ; ਤੇ ਮਾਨੋ ਉਪਰ ਦੱਸੇ ਸਾਰੇ ਵੀਚਾਰਾਂ ਦਾ ਨਿਚੋੜ ਹੈ:-

ਮਣੀ ਗੁਆਚਿਆਂ ਸੱਪ ਜਿਉਂ ਦੁਖ ਪਾਂਵਦਾ,
ਪੁੱਤ ਗੁਆਚਿਆਂ ਮਾਂ ਜਗ ਨਹੀਂ ਭਾਂਵਦਾ;
ਹਰਿ ਰਸ ਦੀ ਜਦ ਟੋਟ ਪਵੇ ਫਕੀਰ ਨੂੰ,
ਪਰਲੋ ਮਚੇ ਚੁਫੇਰ ਤਿਉਂ ਘਬਰਾਂਵਦਾ;
ਟੁੱਟੀ ਡੋਰ ਜਿ ਦੁਆਰ ਤੇਰੇ ਆਂਵਦਾ,
ਲਹਿਰ ਫਿਰੇ ਇਕ ਵਾਰ ਰੌ ਮੁੜ ਧਾਂਵਦਾ;
ਕੀਹ ਅਗੰਮੀ ਖੇਡ ਏਥੇ ਲਹਿਰਦੀ?
ਅਰਸ਼ ਉਤਰਿਆ ਆਣ ਰਸੀਆਂ ਬਚਾਂਵਦਾ।

*(ਬਿਜਲੀਆਂ ਦੇ ਹਾਰ-ਪੰਨਾ ੩੨)*

# ਸ੍ਰੀ ਦਰਬਾਰ ਸਾਹਿਬ ਲਈ ਸਿੱਖਾਂ ਦੀਆਂ ਕੁਰਬਾਨੀਆਂ

(ਭਾਈ ਸਾਹਿਬ ਭਾਈ ਵੀਰ ਸਿੰਘ ਜੀ)

## ਸ਼ਹੀਦੀ ਭਾਈ ਮਹਿਤਾਬ ਸਿੰਘ

ਖਾਲਸੇ ਲਈ ਜਦੋਂ ਤੁਰਕਾਨੀ ਕਹਿਰ ਦੁਪਹਿਰ ਵਾਂਗ ਚਮਕ ਰਿਹਾ ਸੀ, ਤਦ ਸੰਘਣੇ ਬਣਾਂ ਵਿਚ ਹੀ ਸਿਰ ਲੁਕਾਉਣ ਦੇ ਆਸਰੇ ਮਿਲਦੇ ਸੇ। ਸ਼ਹਿਰਾਂ ਜੰਗਲਾਂ ਵਿਚ ਸਿੱਖ ਦਾ ਕਿਤੇ ਪਤਾ ਨਹੀਂ ਸੀ ਲਗਦਾ। ਇਸੇ ਤਰ੍ਹਾਂ ਜਦੋਂ ਅੱਸੀ ਅੱਸੀ ਰੁਪਏ ਨੂੰ ਸਿੱਖ ਦਾ ਸਿਰ ਵਿਕਦਾ ਸੀ ਓਦੋਂ ਭਲਾ ਇਨ੍ਹਾਂ ਦੇ ਮੁੱਕਣ ਵਿਚ ਕੀ ਸੰਸਾ ਹੋ ਸਕਦਾ ਸੀ। ਸ਼ਹਿਰ ਸਿੱਖਾਂ ਲਈ ਉਜਾੜ ਹੋ ਗਏ ਅਰ ਜੰਗਲਾਂ ਵਿਚ ਵਸਤੀ ਹੋ ਗਈ। ਰਾਮਦਾਸ ਪੁਰੇ ਦਾ ਗਿਰਾਉਂ, ਜੋ ਅੱਜ ਵੀ ਸ੍ਰੀ ਅੰਮ੍ਰਿਤਸਰ ਦੀ ਘੁੱਘ ਵਸਦੀ ਨਗਰੀ, ਸਾਰੇ ਪੰਜਾਬ ਦੀਆਂ ਵਸਤੀਆਂ ਦੀ ਰਾਣੀ ਵਸਤੀ ਹੋ ਰਹੀ ਹੈ, ਜਿਸਦੇ ਰਚਣਹਾਰ ਸਿੱਖ ਹੀ ਸੇ, ਸਿੱਖਾਂ ਤੋਂ ਖਾਲੀ ਰਹਿ ਗਈ। ਗੁਰੂ ਕੇ ਬਜ਼ਾਰ ਚੌਂਕ ਪਾਸੀਆਂ ਵਾਲੇ ਇਲਾਕੇ ਵਿਚ ਕੁਝ ਗਰੀਬ ਖਤਰੀ ਦੁਕਾਨਦਾਰ ਅਰ ਹੋਰ ਮਿਹਨਤੀ ਲੋਕ ਸ਼ਹਿਰ ਦੀ ਸਾਰੀ ਵੱਸੋਂ ਰਹਿ ਗਏ ਸਨ। ਓਹ ਬੀਰ ਬਾਂਕਰੇ ਬਹਾਦਰ, ਜਿਨ੍ਹਾਂ ਦੀ ਛਬਿ ਨਾਲ ਛਬਿ ਦੀ ਛਬਿ ਹੈਸੀ ਟੋਲਿਆਂ ਨਾ ਮਿਲੇ। ਸ੍ਰੀ ਦਰਬਾਰ ਸਾਹਿਬ ਜੀ ਦਾ ਕੀ ਹਾਲ ਹੋ ਗਿਆ? ਦਰਸ਼ਨੀ ਦਰਵਾਜ਼ੇ ਦਾ ਬੂਹਾ ਬੰਦ, ਦੋ ਪਹਿਰੇਦਾਰ ਬਰਕਨਦਾਜ਼ ਹਰ ਵੇਲੇ ਮੌਜੂਦ, ਵੱਡੀ ਪਰਕਰਮਾਂ ਵਿਚ ਚਾਰ ਬੰਦੂਕਚੀ ਰੌਂਦ ਵਾਸਤੇ। ਇਸ ਭੈ ਦੇ ਸਮੇਂ ਕੌਣ ਹੀਆ ਕਰੇ ਕਿ ਅੰਮ੍ਰਿਤ ਸਰੋਵਰ ਦੀ ਯਾਤਰਾ ਕਰੇ ਕਿ ਇਸ਼ਨਾਨ ਕਰ ਆਵੇ। ਜੋ ਸਿੰਘ ਬਹਾਦਰ ਪਹੁੰਚੇ ਬੀ ਸੋ ਦਰਸ਼ਨ ਤੇ ਇਸ਼ਨਾਨ ਕਰਕੇ ਸੀਸ ਨਜ਼ਰ ਕਰੇ। ਓਹ ਪਵਿਤ੍ਰ ਪੌੜ ਜੋ ਸੰਗ ਮਰਮਰ ਨਾਲ ਹੁਣ ਫਬ

ਰਹੇ ਹਨ, ਅਰ ਜਿੱਥੇ ਅਸੀਂ ਗੱਪਾਂ ਮਾਰਦੇ ਟਹਿਲਦੇ ਹਾਂ, ਸੋ ਸੈਂਕੜੇ ਵੇਰ ਸਿੱਖਾਂ ਦੇ ਪਵਿਤ੍ਰ ਲਹੂਆਂ ਨਾਲ ਰੰਗੇ ਗਏ। ਜਿਤਨੇ ਸਿੱਖਾਂ ਦੇ ਸੀਸ ਸ੍ਰੀ ਦਰਬਾਰ ਸਾਹਿਬ ਦੀ ਰਾਖੀ ਪਰ ਲਗੇ ਹਨ ਜੇ ਸਾਰੇ ਕੱਠੇ ਕਰਕੇ ਪਰਕਰਮਾਂ ਵਿਚ ਬੀੜਕੇ ਰਖੀਏ ਤਾਂ ਫੇਰ ਬੀ ਪਤਾ ਨਹੀਂ ਸਮਾ ਸਕਣ ਕਿ ਨਹੀਂ। ਬਾਬਾ ਦੀਪ ਸਿੰਘ ਜੀ ਅਰ ਬਾਬਾ ਗੁਰਬਖਸ਼ ਸਿੰਘ ਜੀ ਨਾਲ ਕਈ ਕਈ ਹਜ਼ਾਰ ਸਿੱਖ ਇਕ ਇਕ ਦਿਨ ਵਿਚ ਹਰਿਮੰਦਰ ਦੀ ਖਾਤਰ ਜਾਨਾਂ ਪਰ ਖੇਡ ਗਿਆ ਸੀ, ਅਰ ਇਹ ਦੋਵੇਂ ਸੂਰਮੇ, ਜੋ ਲੱਖਾਂ ਤੇ ਭਾਰੂ ਸੇ, ਨਾਲ ਹੀ ਸ਼ਹੀਦ ਹੋਏ ਸੇ, ਜਿਨ੍ਹਾਂ ਦੇ ਸ਼ਹੀਦ ਗੰਜ ਸ੍ਰੀ ਅੰਮ੍ਰਿਤਸਰ ਵਿਚ ਮੌਜੂਦ ਹਨ।

ਭਲਾ ਇਸ ਭਿਆਨਕ ਸਮੇਂ, ਕਿ ਜਦ ਪਹਿਰੇ ਖੜੇ ਹਨ ਅਰ ਓਥੇ ਜਾਣਾ ਜਾਨ ਪਰ ਖੇਡਣਾ ਹੈ, ਸਿਦਕੀਆਂ ਤੋਂ ਬਾਝ ਕੌਣ ਸਿਰ ਸਿਰ ਬਾਜ਼ੀ ਲਾਕੇ ਖੇਡ ਸਕਦਾ ਸੀ? ਪਰ ਬੀਰ ਸਿਖ ਕੌਮ ਪਾਸੋਂ ਇਹ ਕਦ ਹੋ ਸਕਦਾ ਸੀ ਕਿ ਮੰਦਰ ਦੇ ਦਰਵਾਜ਼ੇ ਬੰਦ ਰਹਿਣ ਤੇ ਝਾੜੂ ਤਕ ਬੀ ਨਾ ਹੋਵੇ? ਸਾਂਦਲ ਬਾਰ ਵਿਚ ਸ੍ਰੀ ਦਰਬਾਰ ਸਾਹਿਬ ਜੀ ਦਾ ਹਾਲ ਜੋ ਪਹੁੰਚਾ ਤਦ ਭਾਈ ਮਨਸਾ ਸਿੰਘ ਜੀ ਉਠ ਖੜੇ ਹੋਏ ਤੇ ਬੋਲੇ, 'ਵਰ ਦਿਓ ਖਾਲਸਾ ਜੀ, ਸਾਡੇ ਇਸ਼ਟ ਮੰਦਰ ਦੀ ਸਾਡੇ ਬੈਠਿਆਂ ਸੇਵਾ ਵਿਸਰ ਰਹੀ ਹੈ, ਉਹ ਸੇਵਾ ਸਿਰ ਚਾਈਏ'। ਜਥੇ ਨੇ ਅਰਦਾਸਾ ਸੋਧਕੇ ਪਿਆਰੇ ਬੀਰ ਨੂੰ ਤੋਰ ਦਿੱਤਾ। ਸੇਵਾ ਦੀ ਮਨਸ਼ਾ ਧਾਰਕੇ ਮਨਸ਼ਾ ਸਿੰਘ ਹੋਰੀ ਭੇਸ ਵਟਾ ਕੇ ਅੰਮ੍ਰਿਤਸਰ ਪਹੁੰਚੇ। ਸ਼ਹਿਰ ਤੋਂ ਬਾਹਰ ਇਕ ਡੂੰਘੀ ਖਾਈ ਦੇ ਕਿਨਾਰੇ ਇਕ ਘੁਰਾ ਪੁੱਟਿਆ, ਜਿਸ ਵਿਚ ਬੈਠਕੇ ਦਿਨ ਬਿਤਾਉਣਾ। ਭੇਸ ਵਟਾ ਕੇ ਖਾਣ ਪੀਣ ਲਈ ਲਾਗੇ ਦੇ ਪਿੰਡਾਂ ਵਿਚੋਂ ਲੈ ਆਉਣਾ। ਉਧਰ ਰਾਤ ਨੇ ਹਨੇਰਾ ਕੀਤਾ ਇਧਰ ਇਹ ਸ਼ੇਰ ਦੀ ਤਰ੍ਹਾਂ ਦਬਵੇਂ ਪੈਰ ਰੱਖਕੇ ਅਠਸਠ ਤੀਰਥ ਪਹੁੰਚੇ, ਸਿਰ ਪਰ ਝਾੜੂ, ਘਿਉ, ਦੀਵਾ, ਵੱਟੀ ਤੇ ਸੁਆਹ ਵਿਚ ਲੁਕਾਕੇ ਕੁੱਜੇ ਵਿਚ ਪਾਕੇ ਅਗਨੀ, ਕੁਝ ਲੀਰਾਂ, ਗੰਧਕ ਤੇ ਕੱਖ ਲੈਕੇ ਪਹੁੰਚੇ। ਚਾਰ ਚੁਫੇਰੇ ਤਸੱਲੀ ਕਰਕੇ ਕਿ ਪਹਿਰੇਦਾਰ ਅਵੇਸਲੇ ਹਨ, ਸਰੋਵਰ ਵਿਚ ਵਿਚ ਠਿੱਲ੍ਹ ਪਏ ਮੂਧਾ ਘੜਾ ਇਕ ਛਾਤੀ ਹੇਠ ਦੇ ਲਿਆ ਅਰ ਬੇ-ਮਲੂਮ ਪਹੁੰਚ ਪਏ। ਹਰਿ ਕੀ ਪੌੜੀ ਜਾ ਕੇ ਲੱਖ ਲੱਖ ਸ਼ੁਕਰ ਕੀਤਾ। ਅਪਣੇ

ਇਸ਼ਟ ਮੰਦਰ ਦੀ ਸਮਾਧਿ ਸਥਿਤ ਅਵਸਥਾ ਦਾ ਦਰਸ਼ਨ ਕੀਤਾ। ਫੇਰ ਅੱਗੇ ਵਧੇ, ਬੜੀ ਹਿਕਮਤ ਨਾਲ ਬੂਹਾ ਖੋਲ੍ਹਕੇ ਅੰਦਰ ਵੜੇ। ਗਰਦੇ ਦੇ ਢੇਰ ਲੱਗੇ ਪਏ ਤੇ ਕਹਿਣਿਆਂ ਦੇ ਜਾਲੇ ਤਣੇ ਪਏ। ਪਹਿਰ ਰਾਤ ਲੰਘ ਚੁਕੀ ਸੀ, ਪਹਿਰੇ ਸੌਂ ਚੁਕੇ ਸਨ। ਸਿੰਘ ਹੋਰਾਂ ਨੇ ਬੜੇ ਪ੍ਰੇਮ ਨਾਲ ਝਾੜੂ ਦਿਤਾ, ਜਾਲੇ ਲਾਹੇ। ਇਕੁਰ ਕਰਦਿਆਂ ਤ੍ਰਿਪਹਿਰੇ ਦਾ ਸਮਾਂ ਢੁੱਕ ਪਿਆ। ਫੇਰ ਆਪ ਨੇ ਘੜੇ ਭਰ ਭਰ ਕੇ ਸਾਰੇ ਮੰਦਰ ਦਾ ਇਸ਼ਨਾਨ ਕਰਵਾਇਆ। ਦੀਵਾ ਤਾਂ ਪਹਿਲੇ ਹੀ ਜਗਾਕੇ ਰਖ ਦਿਤਾ ਸੀ। ਹੁਣ ਆਪ ਨੇ ਇਸ਼ਨਾਨ ਕੀਤਾ। ਅਰ ਇਕਲ-ਵੰਜੇ ਬੈਠਕੇ ਆਸਾ ਦੀ ਵਾਰ ਦਾ ਪਾਠ ਕੀਤਾ। ਘੁਸਮੁਸਾ ਵੇਲਾ ਅਜੇ ਨਹੀਂ ਸੀ ਹੋਇਆ ਜੋ ਸਿੰਘ ਹੋਰਾਂ ਨੇ ਗੰਧਕ ਘਿਉ ਰੂੰ ਝਾੜੂ ਘੜਾ ਸਾਫੇ ਆਦਿ ਲਟਾ ਪਟਾ ਸੰਭਾਲਕੇ ਰਖ ਦਿੱਤਾ ਤੇ ਦਰਵਾਜਾ ਭੀੜਕੇ ਜਿਸ ਰਸਤੇ ਆਏ ਸੇ ਉਸੇ ਰਸਤੇ ਚਲੇ ਗਏ।

ਦੂਜੇ ਦਿਨ ਕੇਵਲ ਥੋੜੀ ਜੇਹੀ ਅੱਗ ਸੁਆਹ ਵਿਚ ਲੁਕਾਕੇ ਲੈ ਕੇ ਉਸ ਵੇਲੇ ਉਸੇ ਤਰ੍ਹਾਂ ਤਰਕੇ ਜਾ ਪਹੁੰਚੇ ਅਰ ਅੱਗ ਪੁਰ ਗੰਧਕ ਪਾ ਕੇ ਝਟ ਦੀਵਾ ਜਗਾ ਲਿਆ ਤੇ ਉਸੇ ਤਰ੍ਹਾਂ ਸੇਵਾ ਤੇ ਪਾਠ ਕਰਕੇ ਤੁਰ ਆਏ। ਇਹ ਅਤੁੱਟ ਜਾਨ ਹੂਲਵੀਂ ਸੇਵਾ, ਇਹ ਕੌਮੀ ਧਰਮ ਕੇਂਦਰ ਦਾ ਪਿਆਰ, ਇਹ ਸਿਦਕ, ਇਹ ਇਸ਼ਟ ਨਾਨ ਇਸ਼ਕ ਦਾ ਮੇਲ ਕਈ ਮਹੀਨੇ ਨਿਭਦਾ ਰਿਹਾ। ਇਕ ਦਿਨ ਕੋਈ ਹਾਕਮ ਮੰਦਰ ਨੂੰ ਦੇਖਣ ਵਾਸਤੇ ਆਇਆ। ਜਦ ਅੰਦਰ ਆਏ ਤਦ ਮੰਦਰ ਚਾਨਣਾ ਚਰਾਗ ਪਿਆ ਹੈ। ਕਿਤੇ ਘੱਟੇ ਦਾ ਨਾਂ ਨਹੀਂ, ਦੀਵਾ ਵੀ ਬਲ ਰਿਹਾ ਹੈ। ਕੁਟੀਆ ਵਿਚ ਸਫਾਈ ਦਾ ਸਾਮਾਨ ਬੀ ਧਰਿਆ ਹੈ। ਇਹ ਦੇਖਕੇ ਸਮਝ ਪੈ ਗਈ ਕਿ ਕਦੀ ਨਾ ਹਾਰਨ ਵਾਲੇ, ਕਦੀ ਨਾ ਡਾਂਟੇ ਜਾਣ ਵਾਲੇ, ਕਦੀ ਨਾ ਭੈ ਮੰਨਣ ਵਾਲੇ, ਪਰ ਕਦੀ ਨਾ ਘੱਟ ਨਿਕਲਣ ਵਾਲੇ, ਸਹਿਨ ਸ਼ੀਲ, ਅਜਰ ਨੂੰ ਜਰਨ ਵਾਲੇ ਖਾਲਸਾ ਬਹਾਦਰ ਸਾਡੀ ਅੱਖੀਂ ਘੱਟਾ ਪਾ ਕੇ ਆਪਣੇ ਧਰਮ ਅਸਥਾਨ ਨੂੰ ਭੁੱਲ ਵਿਚ ਨਹੀਂ ਪੈਣ ਦੇਂਦੇ। ਕੋਈ ਸਿੰਘਣੀ ਮਾਂ ਦਾ ਦੁਲਾਰਾ, ਕੋਈ ਸਿੰਘ ਪਿਤਾ ਦੇ ਜਿਗਰ ਦਾ ਟੁਕੜਾ, ਕੋਈ ਪੰਥ ਦਾ ਹੀਰਾ, ਕੋਈ ਅੰਮ੍ਰਿਤ ਦਾ ਅਮਰ ਹੋਇਆ ਸੂਰਾ ਰਾਤੀਂ ਕਿਸੇ ਵੇਲੇ ਰੋਜ਼ ਆ ਕੇ ਸੇਵਾ ਕਰ ਜਾਂਦਾ ਹੈ।

ਹੁਣ ਕਹਿਰਾਂ ਦੀ ਰਾਤ ਆਈ। ਛੈਹਾਂ ਮਾਰ ਕੇ ਪਹਿਰੇ ਬਿਠਾਏ ਗਏ। ਬੇ ਖ਼ਬਰ ਭਾਈ ਮਨਸਾ ਸਿੰਘ ਜੀ ਆਏ, ਤਾਰਿਆਂ ਦੇ ਚਾਨਣੇ ਵਿਚ ਦੀਹਦਾ ਤਾਂ ਕੁਝ ਨਹੀਂ, ਪਰ ਜੋ ਆਤਮਾ ਵਾਹਿਗੁਰੂ ਦੀ ਯਾਦ ਨਾਲ ਹੌਲੇ ਫੁਲ ਹੋਏ ਹੁੰਦੇ ਹਨ ਉਨ੍ਹਾਂ ਪਰ ਸੰਕਲਪਾਂ ਦਾ ਅਸਰ ਪੈ ਜਾਇਆ ਕਰਦਾ ਹੈ, ਹਰਿਮੰਦਰ ਦਾ ਵਾਯੂ ਮੰਡਲ, ਜੋ ਐਸ ਵੇਲੇ ਨਿਰੋਲ ਹੁੰਦਾ ਸੀ, ਅੱਜ ਭਾਈ ਜੀ ਪਰ ਦਬਾਵਾਂ ਅਸਰ ਕਰ ਰਿਹਾ ਹੈ, ਵਿਚਾਰਦੇ ਹਨ ਕਿ ਇਥੇ ਅਜ ਕੁਝ ਹੈ, ਪਰ ਮਨ ਦੇ ਖੋਜੀ ਜੀ ਇਹ ਵਿਚਾਰਦੇ ਹਨ ਕਿ ਮਤਾਂ ਮਨ ਸੇਵਾ ਤੋਂ ਅਲਸਾਉਂਦਾ ਹੋਵੇ ਅਰ ਸਾਨੂੰ ਬੇਮੁਖ ਕਰਦਾ ਹੋਵੇ। ਇਹ ਭਾਰ ਮਨ ਦੇ ਆਲਸ ਦਾ ਨਾ ਹੋਵੇ, ਇਹ ਵਿਚਾਰਕੇ ਅਰਦਾਸਾ ਸੋਧਿਆ, ਭੁੱਲ ਬਖਸ਼ਾਈ। ਫੇਰ ਅਠਸਠ ਤੀਰਥ ਪਰ ਇਕ ਪੌੜੀ ਉਤਰੇ। ਪੈਰ ਨਹੀਂ ਉਤਰਦੇ। ਭਾਈ ਜੀ ! ਤੁਹਾਡਾ ਨਿਰਮਲ ਮਨ ਧੋਖਾ ਨਹੀਂ ਕਰ ਰਿਹਾ, ਇਸਦੇ ਕਹੇ ਲਗ ਜਾਓ ! ਪਰ ਹਾਇ ਮਨਮਤਿ ਤੋਂ ਡਰਦੇ ਗੁਰਮੁਖ ਸਿੰਘ ਜੀ ਆਪਣੇ ਸ਼ੀਸ਼ੇ ਹਿਰਦੇ ਦੀ ਪਰਵਾਹ ਨਾ ਕਰਦੇ ਠਿੱਲ੍ਹ ਪਏ। ਹਰਿ ਕੀ ਪੌੜੀ ਪਹੁੰਚੇ। ਬੂਹਾ ਖੋਲਿਆ; ਦੀਵਾ ਜਗਾਇਆ। ਸੇਵਾ ਕੀਤੀ. ਫੇਰ ਬੈਠਕੇ ਆਸਾ ਦੀ ਵਾਰ ਉਚਾਰੀ, ਭੋਗ ਪਾਇਆ, ਅਰਦਾਸਾ ਸੋਧਿਆ, ਡੰਡੌਤ ਕੀਤੀ, ਸਮਾਨ ਸਾਂਭਿਆ, ਬੂਹਾ ਢੋਇਆ, ਅਰ ਹਰਿਕੀ ਪੌੜੀ ਅੱਪੜੇ, ਪਉੜੀ ਉਤਰੇ: ਔਹ ਕੀ ਹੋਇਆ? ਅੱਗ ਜਿਹੀ ਚਮਕੀ, ਤੋੜਾ ਦਾਗਿਆ ਗਿਆ, ਗੋਲੀ ਚਲੀ। ਭਾਈ ਜੀ ਤਰ੍ਹਕੇ ਤ੍ਰਬਕੇ ਨਹੀਂ। ਸ਼ੇਰ ਦੇ ਭਾਣੇ ਕਿਸੇ ਦਾਣੇ ਦੇ ਭੁੱਜਣ ਦਾ ਤੜਾਕਾ ਹੈ। ਪਲਕੁ ਖੜੋਕੇ ਚਾਰ ਚੁਫੇਰੇ ਤੱਕਿਆ, ਹਨੇਰੇ ਵਿਚ ਕੀ ਨਜ਼ਰ ਪਵੇ, ਸਲਾਹ ਕੀਤੀ ਕਿ ਅੱਜ ਦੱਖਣ ਦੀ ਨੁਕਰੇ ਚੱਲ ਲਗੀਏ, ਅਰ ਮੁਰਦਾ ਤਾਰੀ ਤਰੀਏ. ਪਰ ਕਿਥੇ, ਇਕ ਪੌੜੀ ਉਤਰੇ ਹੀ ਸੀ ਕਿ ਫੇਰ ਬੰਦੂਕ ਚੱਲੀ, ਚੱਲੀ ਤਾਂ ਸਹੀ, ਪਰ ਨਿਸ਼ਾਨਾ ਭਾਈ ਹੁਰੀਂ ਨਹੀਂ ਹਨ। ਅਜੇ ਤੀਜਾ ਪੌੜ ਉਤਰੇ ਨਹੀਂ ਸਨ ਕਿ ਚਾਰ ਬਲੀ ਪਠਾਣਾਂ ਨੇ ਝੱਟ ਬਾਹੋਂ ਫੜ ਲਿਆ। 'ਮਰਦੂਦ ਕਹਾਂ ਜਾਤਾ ਹੈ?' ਭਾਈ ਜੀ ਡਰੇ ਨਹੀਂ, ਜਾਣੋਂ ਇਸ ਦਿਹਾੜੇ ਨੂੰ ਹਰ ਵੇਲੇ ਸਿਰ ਤੇ. ਪਹੁਤਾ ਜਾਣਦੇ ਸੀ। ਪਰਤ ਕੇ ਕੀ ਦੇਖਦੇ ਹਨ ਕਿ ਇਕ ਗਾਰਦ ਦੀ ਗਾਰਦ ਹੀ ਖੜੀ ਹੈ ਝਟ ਪਟ ਮੁਸ਼ਕਾਂ ਕੱਸੀਆਂ ਗਈਆਂ

ਤੇ ਬੰਦੀਖਾਨੇ ਵਿਚ ਪਹੁੰਚਾਏ ਗਏ। ਦਿਨ ਹੋਇਆ ਹਰਿਕੀ ਪੌੜੀ ਦੇ ਕਿਨਾਰੇ ਤੁਰਕ ਹਾਕਮ ਇਕੱਠੇ ਆ ਬੈਠੇ। ਭਾਈ ਜੀ ਬੱਝੇ ਬਝਾਏ ਇਕ ਰੱਸੇ ਨਾਲ ਬੰਨ੍ਹਕੇ ਅੰਮ੍ਰਿਤ ਵਿਚ ਸਿੱਟੇ ਗਏ। ਜਿਸ ਵੇਲੇ ਦੋ ਚਾਰ ਗੋਤੇ ਆ ਗਏ, ਫੇਰ ਕੱਢਕੇ ਬਾਹਰ ਰੱਖ ਦਿਤਾ ਤੇ ਤਮਾਸ਼ਬੀਨਾਂ ਨੇ ਕਿਹਾ 'ਕਿਉਂ ਬੇ ! ਫਿਰ ਸਰਕਾਰੀ ਹੁਕਮ ਕੇ ਉਲਟ ਕਰੇਗਾ?' ਪਰ ਸਿੰਘ ਹੋਰੀਂ ਤਾਂ ਸੁਖਮਨੀ ਸਾਹਿਬ ਦੇ ਪਾਠ ਵਿਚ ਲੱਗੇ ਹੋਏ ਹਨ, ਜਵਾਬ ਕੌਣ ਦੇਵੇ। ਫਿਰ ਗ਼ੋਤੇ ਦੇ ਕੇ ਕਿਹਾ 'ਕਿਆ ਮੁਸਲਮਾਨ ਹੋਗਾ?' ਬੋਲੇ ਕੌਣ? ਫਿਰ ਗ਼ੋਤੇ ਦਿੱਤੇ। ਇਕੁਰ ਘੰਟਾ ਕੁ ਖਪਾ ਖਪਾ ਤੇ ਹੈਰਾਨ ਕਰ ਕਰ ਕੇ ਫਿਰ ਅੰਮ੍ਰਿਤ ਵਿਚ ਸਿੱਟਿਆ। ਅਰ ਇਕ ਬਰਕਨਦਾਜ਼ ਨੇ ਡੁਬਦੇ ਸਿੰਘ ਹੋਰਾਂ ਨੂੰ ਗੋਲੀ ਦਾ ਨਿਸ਼ਾਨਾ ਕਰ ਦਿੱਤਾ। ਪਵਿਤ੍ਰ ਦੇਹ ਪਵਿਤ੍ਰ ਅੰਮ੍ਰਿਤ ਵਿਚ ਲੀਨ ਹੋ ਗਈ। ਆਤਮਾ ਪਿਆਰੇ ਪਿਤਾ ਦੇ ਚਰਨਾਂ ਵਿਚ ਪਹੁੰਚੀ। ਧੰਨ ਸਿੱਖੀ ! ਧੰਨ ਸਿੱਖੀ ! ਪੰਥ ਨੂੰ ਕੀ ਪਤਾ ਲਗਣਾ ਸੀ ਕਿ ਪਿਆਰਾ ਕੀ ਕਰ ਗਿਆ ਹੈ, ਪਰ ਤੁਰਕ ਹਾਕਮਾਂ ਨੇ ਡਰ ਬਿਠਾਉਣ ਪਿੱਛੇ ਇਸ ਨੂੰ ਉੱਘਾ ਕੀਤਾ, ਪਰ ਭੈ ਨਾ ਦੇਣ ਵਾਲੇ ਕਦ ਡਰ ਮੰਨਦੇ ਹਨ।

## ਸ਼ਹੀਦੀ ਭਾਈ ਭਾਰਾ ਸਿੰਘ

ਭਾਈ ਮਨਸਾ ਸਿੰਘ ਜੀ ਦੀ ਸ਼ਹੀਦੀ ਦੀ ਖ਼ਬਰ ਜਦ ਸਾਰੇ ਉਡ ਗਈ, ਅਰ ਬਨਾਂ ਕੰਦਰਾਂ ਵਿਚ ਬੀ ਇਹ ਸੋ ਖਿੱਲਰ ਗਈ, ਤਦ ਖਾਲਸੇ ਦੇ ਖਿੰਡੇ ਹੋਏ ਨਿੱਕੇ ਨਿੱਕੇ ਦਲਾਂ ਵਿਚ ਸਹਿਮ ਜਾਂ ਭੈ ਨਹੀਂ ਛਾਇਆ, ਸਗੋਂ ਹੋਰ ਬੀਰਤਾ ਦਾ ਰੋਹ ਜਾਗਿਆ; ਅਰ ਇਹ ਸਲਾਹਾਂ ਹੋਣ ਲਗ ਪਈਆਂ ਕਿ ਅਪਣੇ ਮੰਦਰ ਦੀ ਸੇਵਾ ਨਹੀਂ ਭੁਲਾਉਣੀ ਚਾਹੀਦੀ।

ਇਕ ਦਿਨ ਬਰਕਨਦਾਜ਼ ਦਰਸ਼ਨੀ ਦਰਵਾਜੇ ਅੱਗੇ ਪਹਿਰਾ ਦੇ ਰਹੇ ਸਨ ਕਿ ਇਕ ਸਾਂਈਂ ਲੋਕ ਨੇ ਆ ਅਲਖ ਜਗਾਈ ਅਰ ਮੌਲਾਨਾ ਰੂਮ ਦੀ ਮਸਨਵੀ ਪੜ੍ਹੀ। ਇਸ ਸੁਰੀਲੇ ਸੁਰ ਨਾਲ ਮਸਨਵੀ ਨੂੰ ਇਸ ਨੇ ਗਾਇਆ ਕਿ ਬਰਕਨਦਾਜ਼ ਕਾਠ ਦੀਆਂ ਮੂਰਤਾਂ ਵਾਂਗ ਅਡੋਲ ਹੋ ਗਏ। ਗਾਉਣ ਨੇ ਉਨ੍ਹਾਂ ਨੂੰ ਮੋਹ ਲਿਆ ਅਰ ਸਾਂਈਂ ਲੋਕ

ਨਾਲ ਹਿਤ ਕਰਨ ਲਗ ਪਏ। ਦੂਏ ਦਿਨ ਫਿਰ ਉਸੇ ਤਰ੍ਹਾਂ ਹੋਇਆ। ਗੱਲ ਕੀ ਉਸ ਫਕੀਰ ਨੇ ਇਹ ਵਤੀਰਾ ਹੀ ਫੜ ਲਿਆ ਕਿ ਰੋਜ਼ ਆਉਣਾ, ਗਾਉਣਾ ਅਰ ਰਿਝਾਉਣਾ, ਤੇ ਉਹਨਾਂ ਨੇ ਖਹਿੜਾ ਨਾ ਛੱਡਣਾ। ਸਹਿਜੇ ਸਹਿਜੇ ਸਾਈਂ ਹੁਰੀਂ ਰਾਤ ਬੀ ਉਥੇ ਹੀ ਰਹਿਣ ਲਗ ਪਏ। ਸੰਧਿਆ ਪਈ ਫਕੀਰ ਨੇ ਆਉਣਾ ਤੇ ਅੱਧੀ ਰਾਤ ਤੱਕ ਕਵਾਲੀ ਪੈਣੀ। ਅਰਥਾਤ ਉਸ ਨੇ ਫ਼ਾਰਸੀ ਬੋਲੀ ਵਿਚ ਪਰਮੇਸ਼ੁਰ ਦੀ ਮਹਿਮਾ ਦੇ ਗੀਤ ਗਾਉਣੇ, ਬਰਕਨਦਾਜ਼ਾਂ ਤੇ ਪਹਿਰੇਦਾਰਾਂ ਨੇ ਝੁਰਮਟ ਪਾ ਬੈਠਣਾ। ਇਧਰ ਇਨ੍ਹਾਂ ਨੇ ਮਸਤ ਹੋਣਾ ਉਧਰ ਭਾਈ ਧਾਰਾ ਸਿੰਘ ਭਾਈ ਭਾਰਾ ਸਿੰਘ ਜੀ ਨਾਮੇ ਬਹਾਦਰ ਸਿੰਘਾਂ ਨੇ ਭਾਈ ਮਨਸਾ ਸਿੰਘ ਵਾਂਙ ਅਠਸਠ ਤੀਰਥ ਵਲੋਂ ਠਿਲ੍ਹਕੇ ਮੰਦਰ ਦੇ ਵਿਚ ਪਹੁੰਚਕੇ ਦੀਵਾ ਜਗਾਉਣਾ, ਸੇਵਾ ਕਰਨੀ, ਤੇ ਆਸਾ ਦੀ ਵਾਰ ਦਾ ਪਾਠ ਕਰਕੇ ਅਰਦਾਸਾ ਸੋਧਕੇ ਅੱਧੀ ਰਾਤ ਦੇ ਮਗਰੋਂ ਮੁੜ ਜਾਣਾ। ਪਹਿਰੇਦਾਰਾਂ ਨੇ ਪਹਿਰ ਦੋ ਪਹਿਰ ਤਕ ਕਵਾਲੀ ਵਿਚ ਮਸਤ ਰਹਿਣਾ ਤੇ ਫੇਰ ਨੀਂਦ ਵਿਚ ਪੈ ਕੇ ਸਉਂ ਜਾਣਾ। ਐਡਾ ਕੋਈ ਡਰ ਸੀ ਹੀ ਨਹੀਂ ਕਿ ਰਾਤ ਨੂੰ ਕੋਈ ਆ ਕੇ ਅੰਦਰੋਂ ਪਦਾਰਥ ਕੱਢ ਲਿਜਾਏਗਾ। ਇਸ ਪਹਿਰੇ ਦਾ ਕਾਰਨ ਇਹ ਸੀ ਕਿ ਮੁਸਲਮਾਨ ਹਾਕਮਾਂ ਨੂੰ ਇਹ ਡਰ ਬੈਠ ਗਿਆ ਸੀ ਕਿ ਦਰਬਾਰ ਸਾਹਿਬ ਜੀ ਦਾ ਅੰਮ੍ਰਿਤ ਪੀਕੇ ਸਿਖ ਬਲੀ ਹੋ ਜਾਂਦੇ ਹਨ. ਇਸ ਚਸ਼ਮੇ ਵਿਚ ਕੋਈ ਗ਼ੈਬੀ ਤਾਕਤ ਹੈ। ਓਹ ਇਸ ਕਰਕੇ ਸਿੱਖਾਂ ਨੂੰ ਇਸ ਸਰੋਵਰ ਤੇ ਮੰਦਰ ਤੋਂ ਪਰੇਡੇ ਰੱਖਿਆ ਚਾਹੁੰਦੇ ਸਨ। ਪਰ ਸਿੱਖ ਕਿਸੇ ਹੋਰ ਹੀ ਮਿੱਟੀ ਦੇ ਘੜੇ ਹੋਏ ਸਨ, ਉਹ ਐਸੀਆਂ ਕਰੜਾਈਆਂ ਦੇ ਸਮੇਂ ਬੀ ਆਪਣੇ ਸਿਦਕੋਂ ਨਹੀਂ ਚੁਕਦੇ ਸਨ। ਕਈ ਮੁੱਦਤ ਭਾਈ ਤਾਰਾ ਸਿੰਘ ਤੇ ਭਾਈ ਭਾਰਾ ਸਿੰਘ ਜੀ ਇਹ ਸੇਵਾ ਕਰਦੇ ਰਹੇ. ਅਰ ਚੋਰੀ ਦਾਉ ਨਿਭ ਜਾਂਦਾ ਰਿਹਾ।

ਇਕ ਦਿਨ ਲਾਹੌਰ ਦੇ ਕਾਜ਼ੀਆਂ ਦੀ ਇਹ ਸਲਾਹ ਠਹਿਰੀ ਕਿ ਦਰਬਾਰ ਸਾਹਿਬ ਨੂੰ ਮਸਜਿਦ ਬਣਾ ਲਿਆ ਜਾਵੇ, ਜੋ ਸਦਾ ਲਈ ਸਿੱਖਾਂ ਦਾ ਕਬਜ਼ਾ ਦੂਰ ਹੋ ਜਾਵੇ। ਜਿਕੁਰ ਹਿੰਦੂਆਂ ਦੀ ਕਈ ਚੀਜ਼ ਭਿੱਟ ਦੇਈਏ ਤਾਂ ਹਿੰਦੂ ਪਰੇ ਸਿੱਟ ਦੇਂਦੇ ਹਨ; ਇਸ ਤਰ੍ਹਾਂ ਜੇ ਦਰਬਾਰ ਸਾਹਿਬ ਵਿਚ ਮਸੀਤ ਬਣ ਗਈ ਤਦ ਸਿੱਖ ਆਪੇ ਹੀ ਪਰੇ ਹਟ

ਜਾਣਗੇ। ਪਰ ਉਹਨਾਂ ਭੋਲਿਆਂ ਨੂੰ ਸਿੱਖਾਂ ਦੇ ਵਿਚਲੇ ਭੇਤ ਕੀ ਮਲੂਮ ਸਨ। ਇਹ ਸਲਾਹ ਗੁੰਦਕੇ ਦੋ ਤਿੰਨ ਕਾਜ਼ੀ ਮੁੱਲਾਂ ਲਾਹੌਰ ਥੀਂ ਅੰਮ੍ਰਿਤਸਰ ਆਏ। ਇਸ ਬਾਤ ਲਈ ਕਿ ਜੇ ਤਾਂ ਦਰਬਾਰ ਸਾਹਿਬ ਦਾ ਰੁਖ਼ ਪੱਛੋਂ ਨੂੰ ਹੈ ਤਦ ਬਿਹਤਰ, ਜੇ ਨਹੀਂ ਤਾਂ ਪੱਛੋਂ ਰੁਖ਼ ਕੀਤਾ ਜਾਵੇ। ਜਦ ਉਹ ਮੰਦਰ ਵਿਚ ਗਏ ਤਦ ਹੱਕੇ ਬੱਕੇ ਰਹਿ ਗਏ ਕਿ ਦਰਬਾਰ ਸਾਹਿਬ ਦਾ ਰੁਖ਼ ਚਾਰਕੁੰਟ ਨੂੰ ਹੈ। ਚਾਰ ਦਰਵਾਜ਼ੇ ਹੇਠਾਂ ਹਨ, ਅਰ ਕੋਈ ੨੪ ਬਾਰੀਆਂ ਉਪਰ ਹਨ। ਕਿਸ ਰੁਖ਼ ਕੀਤਾ ਜਾਏ? ਪੱਛੋਂ ਰੁਖ ਕਰਨ ਲਈ ਇਮਾਰਤ ਨਵੇਂ ਸਿਰੇ ਬਣੇ, ਪੁਲ ਪੂਰੇ ਵਲੋਂ ਆਵੇ। ਮਹਾਰਾਜ ਨੇ ਦਰਵਾਜੇ ਵੀ ਮੱਧਕੋਣਾਂ ਵਿਚ ਧਰੇ ਹਨ, ਠੀਕ ਉੱਤਰ, ਪੂਰਬ, ਪੱਛਮ, ਦੱਖਣ ਚਾਰੇ ਨੁੱਕਰਾਂ ਵਿਚ ਨਹੀਂ ਹਨ। ਇਹ ਇਕ ਹੋਰ ਹੀ ਰੱਬੀ ਭੇਤ ਸੀ, ਜਿਸ ਨੂੰ ਤਅੱਸਬ ਵਾਲੇ ਲੋਕ ਜਾਣ ਨਹੀਂ ਸੇ ਸਕਦੇ। ਪੁਲ ਪੱਛਮੋਤ੍ਰ ਵਲੋਂ ਹੈ। ਇਹ ਅਜੂਬੇ ਦੀ ਬਨਾਵਟ ਸੋਚਦੇ ਜਾਂ ਅੰਦਰ ਪਹੁੰਚੇ, ਅਜੇ ਸਵੇਰਾ ਹੀ ਸੀ, ਤਦ ਦੀਵਾ ਬਲ ਰਿਹਾ ਸੀ। ਝਾੜੂ ਅੱਗ ਘੜਾ ਆਦਿਕ ਨਹੀਂ ਸਨ, ਕਿਉਂਕਿ ਹੁਣ ਓਹ ਰੋਜ਼ ਦੇ ਰੋਜ਼ ਨਾਲ ਲੈ ਜਾਂਦੇ ਸਨ, ਪਰ ਦੀਵਾ ਬਲਦਾ ਹੈ, ਉਹ ਬੀ ਘਿਉ ਦਾ। ਤਾਜ਼ੇ ਫੁੱਲ ਬੀ ਖਿੱਲਰੇ ਪਏ ਹਨ, ਮੰਦਰ ਭੀ ਸਾਫ ਹੈ। ਮਸਜਿਦ ਦੀ ਸਲਾਹ ਤਾਂ ਲਾਹੌਰ ਜਾ ਕੇ ਕਰਨੀ ਰਹੀ, ਅਰ ਐਤਨੇ ਦਲੇਰ ਹਨ ਕਿ ਰੋਜ਼ ਆਕੇ ਸੇਵਾ ਕਰ ਜਾਂਦੇ ਹਨ। ਕਾਜ਼ੀਆਂ ਨੇ ਬਰਕਨਦਾਜ਼ਾਂ ਨੂੰ ਸਖਤ ਸੁਸਤ ਕਿਹਾ, ਉਹਨਾਂ ਨੇ ਸਹੁਵਾਂ ਸੁਗੰਧਾਂ ਖਾਧੀਆਂ। ਹਾਕਮ ਤੱਕ ਖਬਰ ਹੋਈ, ਰਾਤ ਨੂੰ ਸਾਰੇ ਪਹਿਰੇ ਬਿਠਾਏ ਗਏ, ਪਰ ਸਾਰੀ ਰਾਤ ਕੋਈ ਸਿੱਖ ਨਾ ਆਇਆ। ਦਿਨ ਹੋ ਗਿਆ, ਦਰਵਾਜ਼ਾ ਖੋਲ੍ਹਿਆ ਗਿਆ। ਤਦ ਉਹ ਦੀਵਾ ਜੋ ਪਹਿਲੇ ਦਿਨ ਬੁਝਾਇਆ ਗਿਆ ਸੀ ਫੇਰ ਜਗ ਰਿਹਾ ਸੀ। ਪਰ ਜਗਾਉਣ ਵਾਲੇ ਦੇ ਆਉਣ ਜਾਣ ਦਾ ਸਾਰੀ ਰਾਤ ਦੇ ਪਹਿਰਿਆਂ ਵਿਚ ਪਤਾ ਨਹੀਂ ਲੱਗਾ।

ਦੂਸਰੇ ਦਿਨ ਫੇਰ ਪਹਿਰੇ ਲਾਏ ਗਏ। ਸਾਰੀ ਰਾਤ ਕਿਤੇ ਚਿੜੀ ਨਹੀਂ ਫਟਕੀ। ਪਰ ਅਗਲੀ ਤੜਕੇ ਅੰਦਰ ਜਾਕੇ ਦੇਖਿਆ ਗਿਆ ਤਾਂ ਫੇਰ ਦੀਵਾ ਜਗ ਰਿਹਾ ਸੀ, ਫੁੱਲ ਬੀ ਪਏ ਸਨ। ਇਸ ਨਵੀਂ ਹੋਣਹਾਰ ਬਾਤ ਨੇ ਬੜਾ ਅਚੰਭਾ ਪੈਦਾ ਕਰ ਦਿਤਾ, ਕਿਸੇ ਦੀ ਸਮਝ

ਵਿਚ ਨਾ ਆਵੇ ਕਿ ਇਹ ਕੀ ਕੌਤਕ ਵਰਤਦਾ ਹੈ। ਕਈ ਦਿਨਾਂ ਦੀ ਤਕੜਾਈ ਪਿਛੋਂ ਬੀ ਜਦ ਅਸਲੀ ਭੇਤ ਨਾ ਖੁੱਲ੍ਹਿਆ ਤਦ ਇਕ ਪ੍ਰਕਾਰ ਦਾ ਭੈ ਛਾ ਗਿਆ, ਅਰ ਪਹਿਰੇਦਾਰ ਭੀ ਸਹਿਮ ਖਾਣ ਲਗ ਪਏ। ਸਹਿਜੇ ਸਹਿਜੇ ਮਾਮੂਲੀ ਪਹਿਰੇ ਰਹਿ ਗਏ, ਅਰ ਭਾਈ ਧਾਰਾ ਸਿੰਘ ਭਾਰਾ ਸਿੰਘ ਜੀ ਫੇਰ ਉਸੇ ਤਰ੍ਹਾਂ ਆਕੇ ਸੇਵਾ ਕਰਨ ਲੱਗ ਪਏ।

ਉਹ ਤਜਵੀਜ਼ ਜੋ ਮੰਦਰ ਨੂੰ ਮਸੀਤ ਬਨਾਉਣ ਦੀ ਸੀ, ਵਿੱਚੇ ਰਹਿ ਗਈ ਕਿ ਲਾਹੌਰ ਦੇ ਦਰਬਾਰ ਵਿਚ ਖਾਨਾ ਜੰਗੀ ਛਿੜ ਪਈ ਅਰ ਉਹ ਖਿਆਲ, ਜੋ ਸਿਖਾਂ ਦੇ ਤਬਾਹ ਕਰਨ ਵੱਲ ਉਮੰਡ ਰਹੇ ਸਨ, ਹੋਰ ਪਾਸੇ ਵੱਲ ਰੁੱਝ ਗਏ। ਇਹ ਨਹੀਂ ਕਿ ਸਿੱਖਾਂ ਪਰ ਕੋਈ ਕਿਰਪਾ ਹੋ ਗਈ ਯਾ ਸ੍ਰੀ ਦਰਬਾਰ ਸਾਹਿਬ ਦੇ ਪਹਿਰੇ ਉਠ ਗਏ ਪਰ ਕੇਵਲ ਇਹ ਕਿ ਲਾਹੌਰ ਦੇ ਵੱਡੇ ਅਹਿਲਕਾਰ ਛੋਟੇ ਮਾਮਲਿਆਂ, ਵਲੋਂ ਹਟ ਕੇ, ਜੋ ਅਮਨ ਵਿਚ ਹੋ ਸਕਦੇ ਸਨ ਘਰ ਦੇ ਬਖੇੜੇ ਦੂਰ ਕਰਨ ਵਿਚ ਲਗ ਪਏ, ਪਰ ਅੰਮ੍ਰਿਤਸਰ ਦੇ ਪਹਿਰੇ ਉਸੇ ਤਰ੍ਹਾਂ ਕਾਇਮ ਰਹੇ। ਸੇਵਾ ਦਾ ਹੁਣ ਯਕੀਨ ਸੀ ਕਿ ਰਾਤੀਂ ਹੁੰਦੀ ਹੈ, ਪਰ ਪਤਾ ਨਹੀਂ ਲਗ ਸਕਦਾ ਸੀ। ਇਹ ਖਾਰ ਪਹਿਰੇਦਾਰ ਅਰ ਹਾਕਮਾਂ ਦੇ ਜੀ ਵਿਚ ਖਟਕਦੀ ਹੀ ਰਹਿੰਦੀ ਸੀ, ਪਰ ਕਿਸੇ ਵਧੀਕ ਅਕਲ ਵਾਲੇ ਦੀ ਅਕਲ ਪੇਸ਼ ਨਹੀਂ ਜਾਣ ਦੇਂਦੀ ਸੀ।

ਖਾਲਸਾ ਜੀ ! ਆਪ ਦੇ ਬਜ਼ੁਰਗ ਕੇਵਲ ਅਜਿੱਤ ਲੜਾਕੇ ਹੀ ਨਹੀਂ ਸੇ, ਪਰ ਬੜੇ ਅਕਲ ਵਾਲੇ, ਨੀਤੀ ਨਿਪੁੰਨ ਬੀ ਸਨ। ਉਨ੍ਹਾਂ ਦੀ ਨੀਤੀ ਝੂਠ ਪਰ ਨੀਉਂ ਨਹੀਂ ਰਖਦੀ ਸੀ, ਪਰ ਦੂਜੇ ਦੀ ਵਡੇਰੀ ਅਕਲ ਨੂੰ ਅਕਲ ਨਾਲ ਹਾਰ ਦੇਂਦੀ ਸੀ।

ਸੇਵਾ ਸ੍ਰੀ ਦਰਬਾਰ ਸਾਹਿਬ ਜੀ ਦੀ ਨਹੀਂ ਛੱਡਣੀ ਹੈ। ਭਾਈ ਮਨਸਾ ਸਿੰਘ ਜੀ ਤੇ ਉਨ੍ਹਾਂ ਤੋਂ ਪਹਿਲੇ ਇਕ ਦੋ ਜਾਨਾਂ ਹੋਰ ਸ਼ਹੀਦ ਹੋ ਚੁਕੀਆਂ ਸਨ। ਜੇ ਇਕ ਜਾਨ ਰੋਜ਼ ਦੇਕੇ ਭੀ ਸੇਵਾ ਨਾ ਛੁੱਟੇ ਤਦ ਬੀ ਖਾਲਸਾ ਜੀ ਤਿਆਰ ਸੇ, ਪਰ ਸੇਵਾ ਤਦ ਵੀ ਨਿਰਵਿਘਨ ਨਹੀਂ ਸੀ ਹੋ ਸਕਦੀ, ਇਸ ਲਈ ਦਾਨਾਈ ਦੀ ਆੜ ਹੇਠ ਸੂਰਬੀਰਤਾ ਸੇਵਾ ਕਰ ਰਹੀ ਸੀ, ਜਿਸ ਦਾ ਭੇਤ ਤਅੱਸਬ ਭਰੇ ਮੁਸਲਮਾਨ ਹਾਕਮਾਂ ਨੂੰ ਨਹੀਂ ਲਗ ਸਕਦਾ ਸੀ। ਲਾਹੌਰ ਵਿਚ ਜਦ ਜ਼ਰਾ ਠੰਢੀਰ ਹੋਈ ਤਦ

ਫੇਰ ਕੁਝ ਅੰਮ੍ਰਿਤਸਰ ਅਰ ਸਿਖਾਂ ਬਾਬਤ ਖਿਆਲ ਪਿਆ, ਕਿਉਂਕਿ ਘਰ ਦੀ ਅਪਦਾ ਪੈਂਦਿਆਂ ਹੀ ਸਿਖ ਬਨਾਂ ਵਿਚੋਂ ਨਿਕਲ ਪੈਂਦੇ ਸੇ ਅਰ ਭੜਥੂ ਮਚਾ ਦਿਆ ਕਰਦੇ ਸਨ। ਅੰਮ੍ਰਿਤਸਰ ਲਈ ਇਕ ਹੋਰ ਹਾਕਮ ਆਇਆ। ਅਚਰਜ ਦੀ ਬਾਤ ਸੁਣਕੇ ਇਹ ਨੌਜਵਾਨ ਵਧੀਕ ਪੜਤਾਲ ਲਈ ਤਿਆਰ ਹੋ ਗਿਆ। ਆਪ ਰਾਤ ਨੂੰ ਅੰਦਰ ਜਾ ਬੈਠਾ। ਰਾਤ ਭਰ ਜਾਗਦਾ ਭੀ ਰਿਹਾ, ਪਰ ਕੋਈ ਨਾ ਆਇਆ, ਅਚਰਜ ਦੀ ਬਾਤ ਇਹ ਹੋਈ ਕਿ ਝਾੜੂ ਫਿਰ ਗਿਆ ਅਰ ਫੂਲ ਬੀ ਖਿੰਡੇ ਦਿੱਸੇ ਤੇ ਦੀਪਕ ਬੀ ਲਟ ਲਟ ਬਲੇ, ਭਲਾ ਇਸ ਤੋਂ ਵੱਧ ਕੀ ਹੈਰਾਨੀ ਹੋ ਸਕਦੀ ਸੀ। ਘਰ ਜਾਕੇ ਇਹ ਆਦਮੀ ਬੜੀ ਹੈਰਾਨੀ ਵਿਚ ਪਿਆ। ਨਗਰ ਵਿਚ ਤਲਾਸ਼ੀ ਹੋਈ। ਇਕ ਬੀ ਸਿਖ ਨਾ ਲੱਭਾ। ਰਾਮਰੌਣੀ ਦੇ ਇਰਦੇ ਗਿਰਦੇ ਲੁਕਾ ਛਿਪਾ ਦੇ ਥਾਂ ਵੀ ਟੋਲੇ ਗਏ, ਪਰ ਸਿਖ ਦੀ ਬੋ ਬੀ ਨਾ ਲੱਭੀ। ਰਸਤਿਆਂ ਤੇ ਪਹਿਰੇ ਛਡੇ ਗਏ ਕਿ ਕੋਈ ਸਿਖ ਨਗਰ ਵਿਚ ਨਾ ਵੜ ਪਾਵੇ, ਪਰ ਕਿਸੇ ਇੰਤਜ਼ਾਮ ਦੀ ਪੇਸ਼ ਨਾ ਗਈ, ਅਰ ਭੇਤ ਕੁਝ ਨਾ ਲੱਧਾ।

ਇਹ ਨਵਾਂ ਹਾਕਮ ਬੜਾ ਜਰਵਾਣਾ ਸੀ, ਜਦ ਇਸ ਨੂੰ ਕੋਈ ਥਹੁ ਨਾ ਲੱਗਾ, ਤਦ ਇਸ ਨੇ ਦਰਬਾਰ ਸਾਹਿਬ ਦਾ ਅੰਦਰਲਾ ਫਰਸ਼ ਪੁਟਵਾਉਣ ਦੀ ਚਿਤਧਾਰੀ। ਇਹ ਤਜਵੀਜ਼ ਇਸਨੂੰ ਰਾਤੀ ਫੁਰੀ, ਪਰ ਕਿਸੇ ਨੂੰ ਦੱਸੀ ਨਹੀਂ। ਸਵੇਰੇ ਅਚਾਨਕ ਬੇਲਦਾਰ ਲੈਕੇ ਪਹੁੰਚਾ ਅਰ ਇਹ ਕਾਰ ਸ਼ੁਰੂ ਕਰ ਦਿੱਤੀ। ਕੁਝ ਚਿਰ ਬਾਦ ਉਸ ਕੋਠੜੀ ਦੀ, ਜੋ ਮੰਦਰ ਦੀ ਉੱਤਰ ਰੁਖ਼ ਦੀ ਡਾਟਹੇਠ ਹੈ ਤੇ ਜਿਥੇ ਅਜਕਲ ਖਜ਼ਾਨਾ ਰਹਿੰਦਾ ਹੈ, ਪੁਟਾਈ ਸ਼ੁਰੂ ਹੋਈ। ਤਮਾਸ਼ਾ ਇਹ ਕਿ ਨਿੱਗਰ ਥਾਂ ਨਹੀਂ ਨਿਕਲੀ, ਇਕ ਪੱਥਰ ਦੀ ਸਿਲਾ ਨਿਕਲੀ, ਜਿਸ ਨੂੰ ਚੁੱਕਣੇ ਤੇ ਇਕ ਭੋਰਾ ਅਰ ਭੋਰੇ ਵਿਚੋਂ ਇਕ ਸਿੰਘ ਨਿਕਲਿਆ, ਬੱਸ ਜੋ ਚਾਹੁੰਦੇ ਸੀ, ਸੋ ਹਥ ਲਗ ਗਿਆ। ਇਹ ਭਾਈ ਭਾਰਾ ਸਿੰਘ ਜੀ ਸੇ ਅਜ ਪਿਆਰੇ ਜੀ ਦੀ ਵਾਰੀ ਸੀ।

ਪਾਠਕ ਹੈਰਾਨ ਹੋਣਗੇ ਕਿ ਇਹ ਕੀ ਭੇਤ ਸੀ? ਮਿੱਤ੍ਰ ਜਨੋ ਉਹ ਬੌਰੀਆਂ ਵਾਲੇ ਸਾਈਂ ਲੋਕ ਪੰਥ ਦੇ ਪ੍ਰਸਿੱਧ ਵਿਦਵਾਨ ਸੂੰਹੀਏ ਸੇ, ਜਿਨਾਂ ਦਾ ਨਾਮ ਪਿਆਰ ਦੇ ਕਾਰਨ ਬਿਜਲਾ ਸਿੰਘ ਮਸ਼ਹੂਰ ਸੀ

ਭਾਈ ਮਨਸਾ ਸਿੰਘ ਜੀ ਦੀ ਸ਼ਹੀਦੀ ਨੇ ਮਜਬੂਰ ਕੀਤਾ ਸੀ ਕਿ ਆਪ ਦੀ ਬਾਰੀਕ ਅਕਲ ਮੰਦਰ ਦੀ ਸੇਵਾ ਵਿਚ ਲਗੇ। ਸੋ ਆਪ ਦੀ ਫਾਰਸੀ ਗਜ਼ਲਖਾਨੀ ਨੇ ਬਰਕਨਦਾਜ਼ਾਂ ਵਿਚ ਵਾਸਾ ਪਾ ਲਿਆ ਸੀ। ਹਰ ਗੱਲ ਦੀ ਆਪ ਨੂੰ ਖਬਰ ਰਹਿੰਦੀ ਸੀ ਅਰ ਪੂਰੀ ਖਬਰ ਰਹਿਣੇ ਕਰਕੇ ਆਪ ਸੇਵਾ ਦਾ ਪ੍ਰਬੰਧ ਹਰ ਰੋਜ਼ ਲੋੜ ਮੂਜਬ ਕਰਦੇ ਰਹਿੰਦੇ ਸਨ। ਜਦੋਂ ਕੋਈ ਖਤਰਾ ਨਹੀਂ ਹੁੰਦਾ ਸੀ ਭਾਈ ਧਾਰਾ ਸਿੰਘ ਭਾਰਾ ਸਿੰਘ ਦੋਵੇਂ ਭਰਾ ਕੱਠੇ ਆਉਂਦੇ ਸਨ, ਅਰ ਜਦੋਂ ਖਤਰਾ ਹੁੰਦਾ ਸੀ ਤਦੋਂ ਇਕ ਜਣਾ ਮੰਦਰ ਦੇ ਅੰਦਰ ਬੜੀ ਹਿਕਮਤ ਨਾਲ ਉੱਤਰ ਦੀ ਕੋਠੜੀ ਵਿਚ, ਜੋ ਇਕ ਤਹਿਖਾਨਾ ਸੀ, ਜਿਸ ਵਿਚ ਇਕ ਆਦਮੀ ਬੈਠ ਸਕਦਾ ਸੀ, ਉਸ ਵਿਚ ਬੈਠ ਜਾਂਦਾ ਸੀ। ਉਪਰ ਇਕ ਸਿਲਾ ਮਿਲਵੀਂ ਐਸੀ ਸੀ ਕਿ ਰੱਖੀ ਹੋਈ ਵੱਖ ਨਹੀਂ ਲਗਦੀ ਸੀ, ਤੇ ਹੇਠੋਂ ਚੁੱਕ ਲੈਣੀ ਯਾ ਉਤੋਂ ਚੁੱਕ ਲੈਣੀ ਭੇਤੀ ਲਈ ਕਠਿਨ ਨਹੀਂ ਸੀ। ਹਵਾ ਦਾ ਪ੍ਰਬੰਧ ਬੀ ਬਰੀਕ ਛੇਕਾਂ ਯਾ ਦਰਜਾਂ ਰਸਤੇ ਸੀ ਜੋ ਹਨੇਰੇ ਦੇ ਕਾਰਨ ਮਲੂਮ ਨਹੀਂ ਸੀ ਹੁੰਦੇ। ਇਹ ਛੇਕ ਬਿਜਲਾ ਸਿੰਘ ਦੀ ਉਸਤਾਦੀ ਸੀ ਨਹੀਂ ਤਾਂ ਪਹਿਲਾਂ ਇਕ ਚੁਬੱਚਾ ਜਿਹਾ ਪਦਾਰਥ ਰੱਖਣ ਵਾਸਤੇ ਸੀ, ਕਿ ਅਚਾਨਕ ਤੁਰਕੀ ਲੁੱਟ ਵੇਲੇ ਪੰਥ ਦਾ ਮਾਲ ਬਚਿਆ ਰਹੇ। ਹੁਣ ਬਿਜਲਾ ਸਿੰਘ ਨੇ ਇਸ ਤੋਂ ਕੋਟ ਦਾ ਕੰਮ ਲਿਆ। ਜਦ ਕਦੀ ਪਹਿਰੇ ਤੇ ਪੜਤਾਲ ਦਾ ਡਰ ਪੈਂਦਾ, ਤਦੋਂ ਸੇਵਕ ਏਥੇ ਲੁਕ ਜਾਂਦਾ, ਦੋ ਚਾਰ ਪਹਿਰ ਬਾਦ ਬਿਜਲਾ ਸਿੰਘ ਐਸਾ ਕੋਈ ਅਜੀਬ ਰੁਝੇਵਾਂ ਪੈਦਾ ਕਰ ਦਿੰਦਾ ਕਿ ਜਿਸ ਕਰਕੇ ਸਿੱਖ ਨੂੰ ਨਿਕਲਣ ਦਾ ਮੌਕਾ ਮਿਲ ਜਾਂਦਾ। ਇਸ ਦੀਆਂ ਸੀਟੀਆਂ ਤੇ ਵੰਝਲੀਆਂ ਤੇ ਲੰਮੀਆਂ ਹੇਕਾਂ ਐਸੀਆਂ ਇਸ਼ਾਰੇਦਾਰ ਹੁੰਦੀਆਂ ਕਿ ਸਿਖ ਭਾਵ ਸਮਝ ਜਾਂਦੇ ਸਨ। ਜਦ ਬਹੁਤ ਹੀ ਖਬਰਦਾਰੀ ਹੋਵੇ, ਜੈਸਾ ਕਿ ਹਾਕਮ ਇਕ ਰਾਤ ਆਪ ਮੰਦਰ ਵਿਚ ਆ ਬੈਠਾ ਸੀ, ਉਸ ਰਾਤ ਬਿਜਲਾ ਸਿੰਘ ਹੁਰੀਂ ਬਾਹਰ ਗਾਉਂਦੇ ਆਪਣੀ ਸੁਰੀਲੀ ਸੁਰ ਦੇ ਕਾਰਨ ਅੰਦਰ ਸੱਦੇ ਗਏ ਅਰ ਐਸਾ ਰਿਝਾਇਆ ਕਿ ਜਾਗਦਾ ਸੂਬੇਦਾਰ ਸਉਂ ਗਿਆ। ਅੱਖ ਲਗਦੇ ਹੀ ਸਭ ਸੇਵਾ ਬਿਜਲਾ ਸਿੰਘ ਹੁਰਾਂ ਨੇ ਆਪ ਕਰ ਦਿਤੀ, ਤੇ ਫੇਰ ਆਪ ਲੰਮੇ ਪੈਕੇ ਸਉਂ ਗਏ। ਉਸ ਪਰ ਸ਼ੱਕ ਪੈ ਹੀ ਨਹੀਂ ਸੀ ਸਕਦਾ। ਹੈਰਾਨੀ ਸਖਤ ਵਧ ਗਈ।

ਇਸ ਤਰ੍ਹਾਂ ਨਾਲ ਇਕ ਮੁੱਦਰ ਗੁਜ਼ਰ ਗਈ ਸੀ, ਪਰ ਅਜ ਅਚਾਨਕ ਪੜਤਾਲ ਹੋ ਪਈ। ਰਾਤ ਦੀ ਵਿਉਂਤ ਸਖਤ ਪਹਿਰੇ ਦੀ ਸੀ, ਇਸ ਕਰਕੇ ਭਾਰਾ ਸਿੰਘ ਜੀ ਅੰਦਰ ਸੇ, ਬਿਜਲਾ ਸਿੰਘ ਜੀ ਨੇ ਉਹਨਾਂ ਨੂੰ ਦਿਨੇ ਕੱਢਣਾ ਸੀ ਅਰ ਕੱਢਣ ਲਈ ਆਪ ਨੇ ਇਕ ਕਵਾਲੀ ਦੀ ਤਜਵੀਜ਼ ਕੀਤੀ ਸੀ। ਪਰ ਉਸ ਤੋਂ ਪਹਿਲੇ ਹੀ ਭਾਈ ਜੀ ਪਕੜੇ ਗਏ। ਹਾਕਮ ਨੇ ਭਾਈ ਭਾਰਾ ਸਿੰਘ ਜੀ ਦੀ ਅਕਲ, ਹਿੰਮਤ ਤੇ ਹਿਕਮਤ ਦੀ ਤਾਰੀਫ ਕੀਤੀ, ਪਰ ਸਜ਼ਾ ਦੇਣ ਦੀ ਪੱਕੀ ਠਾਣੀ। ਉਪਰ ਖਬਰ ਕੀਤੀ। ਸਜ਼ਾ ਤਜ਼ਵੀਜ਼ ਹੋਈ ਕਿ ਮੁਸਲਮਾਨ ਹੋ ਜਾਏ ਤਾਂ ਮਾਫ, ਜੇ ਨਾ ਹੋਵੇ ਤਦ ਕਤਲ। ਪਹਿਲੀ ਗੱਲ ਕੌਣ ਮੰਨਦਾ। ਸੋ ਕਤਲ ਹੋਣਾ ਧੰਨ ਭਾਗ। ਇਸੇ ਹਰੀ ਮੰਦਰ ਦੇ ਪਵਿਤ੍ਰ ਪੌੜਾਂ ਪਰ ਪਿਆਰੀ ਜਾਨ ਗੋਲੀ ਦਾ ਨਿਸ਼ਾਨਾ ਬਣੀ।

## ਦਸਤਾਰ ਬਿਨਾ ਇਸ਼ਨਾਨ ਦਾ ਰਿਵਾਜ

ਜਦ ਕੋਈ ਸ੍ਰੀ ਦਰਬਾਰ ਜੀ ਇਸ਼ਨਾਨ ਕਰੇ ਤਦ ਕਹਿੰਦੇ ਹਨ ਕਿ 'ਸਿਰ ਤੋਂ ਪੱਗ ਲਾਹ ਲੈ'। ਇਹ ਰਿਵਾਜ਼ ਪੁਰਾਤਨ ਹੈ ਕਿ ਕੋਈ ਸਿੰਘ ਪੱਗ ਸਮੇਤ ਸ੍ਰੀ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਨਹੀਂ ਕਰਦਾ। ਇਸ ਅਜੀਬ ਰਿਵਾਜ ਉਤੇ ਬੜੀ ਹੈਰਾਨੀ ਹੋਇਆ ਕਰਦੀ ਹੈ, ਅਰ ਨਾਵਾਕਫ ਲੋਕਾਂ ਨੂੰ ਪਤਾ ਨਹੀਂ ਕਿ ਕਿਉਂ ਐਸਾ ਕੀਤਾ ਜਾਂਦਾ ਹੈ। ਮਿੱਤ੍ਰ ਜਨੋ ! ਜਿਸ ਸਮੇਂ ਇਹ ਪਿਆਰਾ ਮੰਦਰ, ਜੋ ਪਿਆਰੀਆਂ ਜਾਨਾਂ ਤੇ ਪ੍ਰੇਮ ਭਰੀਆਂ ਕੁਰਬਾਨੀਆਂ ਨਾਲ ਤਿਆਰ ਹੋਇਆ ਜਰਵਾਣਿਆਂ ਦੇ ਹੱਥ ਆ ਗਿਆ ਅਰ ਸਿੱਖ ਇਥੋਂ ਕੱਢ ਦਿਤੇ ਗਏ, ਇਥੇ ਆਉਣਾ ਤੇ ਇਸ਼ਨਾਨ ਕਰਨਾ ਜਾਨ ਪਰ ਖੇਡਣਾ ਹੁੰਦਾ ਸੀ। ਅਸੀਂ ਦੱਸ ਚੁਕੇ ਹਾਂ ਕਿ ਉਨ੍ਹਾਂ ਦਿਨਾਂ ਵਿਚ ਬੀ ਸਿਖ ਸੇਵਾ ਕਰਨੋਂ ਨਹੀਂ ਟਲਦੇ ਸੇ, ਤੇ ਇਸ਼ਨਾਨ ਕਰਨੋਂ ਭਲਾ ਕਦ ਰੁਕਦੇ ਸੇ? ਇਸ ਪਰ ਤੁਰਕਾਂ ਨੇ ਮਿਹਣਾਂ ਮਾਰਕੇ ਕਿਹਾ- 'ਇਹ ਕੀ ਸੂਰਬੀਰਤਾ ਹੈ ਕਿ ਲੁਕ ਛਿਪਕੇ ਨ੍ਹਾ ਗਏ, ਲੁਕਕੇ ਤਾਂ ਕਾਯਰ ਬੀ ਨ੍ਹਾ ਸਕਦੇ ਹਨ।' ਤਦ ਤੋਂ ਬੀਰਤਾ ਦੀ ਨਿਧੀ ਖਾਲਸਾ ਜੀ ਨੇ ਪ੍ਰਣ ਕਰ ਲਿਆ ਕਿ ਸ੍ਰੀ ਦਰਬਾਰ ਸਾਹਿਬ ਜਦ ਬੀ ਇਸ਼ਨਾਨ ਕਰਨ ਜਾਓ ਦਸਤਾਰ

ਉਤਾਰਕੇ ਕਰੋ, ਤਾਂ ਜੋ ਸਾਫ ਪਿਆ ਦਿੱਸੇ ਕਿ 'ਸਿੱਖ ਨ੍ਹਾ ਰਿਹਾ ਹੈ'। ਇਸ ਹੁਕਮ ਮੂਜਬ ਜੋ ਜੋ ਸ੍ਰੀ ਦਰਬਾਰ ਜੀ ਦੇ ਪ੍ਰੇਮੀ ਖਾਲਸਾ ਜੀ ਆਉਂਦੇ ਇਸੇ ਤਰ੍ਹਾਂ ਇਸ਼ਨਾਨ ਕਰਦੇ। ਫੇਰ ਅਨੇਕਾਂ ਵੇਰ ਇਹ ਹੋਣਾ ਕਿ ਕੋਈ ਸਿੱਖ ਦੱਖਣ ਦੀ ਬਾਹੀ ਨ੍ਹਾ ਰਿਹਾ ਹੈ ਤੇ ਉੱਤਰ ਦੀ ਨੁਕਰ ਤੇ ਪਹਿਰੇਦਾਰ ਨੇ ਡਿੱਠਾ ਹੈ, ਝੱਟ ਗੋਲੀ ਸਰ ਕੀਤੀ ਅਰ ਇਸ਼ਨਾਨ ਕਰਦੇ ਸਿੰਘ ਹੁਰੀਂ ਉਥੇ ਹੀ ਫੁੰਡੇ ਗਏ, ਆਪਣੇ ਮੰਦਰ ਦੀ ਰੱਖਿਆ ਵਿਚ ਪਵਿੱਤ੍ਰ ਲਹੂ ਸਿੰਚ ਦਿਤਾ। ਇਹ ਜੋ ਦਰਬਾਰ ਸਾਹਿਬ ਦੇ ਪੌੜ ਹਨ, ਇਥੇ ਇੰਨੀਆਂ ਜਾਨਾਂ ਅਰਪਨ ਹੋ ਚੁਕੀਆਂ ਹਨ ਕਿ ਅੱਜ ਕੱਲ ਦੇ ਲੋਕ ਅੰਦਾਜ਼ਾ ਬੀ ਨਹੀਂ ਲਗਾ ਸਕਦੇ। ਉਸ ਸਮੇਂ ਦੀ ਕੁਰਬਾਨੀ ਦੀ ਨਿਸ਼ਾਨੀ ਦਸਤਾਰ ਉਤਾਰਕੇ ਇਸ਼ਨਾਨ ਕਰਨ ਦੀ ਉਗਾਹੀ ਦੇ ਰਹੀ ਹੈ ਕਿ ਹੇ ਸਿੰਘੋ ! ਆਪ ਦੇ ਬਜ਼ੁਰਗ ਇਸ ਤਰ੍ਹਾਂ ਇਸ ਪਿਆਰੀ ਸ਼ੈ ਲਈ ਜਾਨਾਂ ਦੇ ਚੁਕੇ ਹਨ।

– o –

# ਮੇਰੀ ਪੂਜਾ ਦੀ ਘੜੀ

## (ਆਤਮਕ ਪਹੁ ਫੁਟਾਲਾ)

### ਪ੍ਰੋ: ਪੂਰਨ ਸਿੰਘ

ਲਓ ! ਅਸਾਂ ਗ਼ਰੀਬਾਂ ਦਾ ਬੀ ਦਿਨ ਚੜ੍ਹਿਆ, "ਚਿੜੀ ਚੂਹਕੀ ਪਹੁ ਫੁਟੀ", ਫੁੱਲ ਖਿੜੇ, ਹਵਾ ਚੱਲੀ, ਅੱਜ ਦਿਲ ਵਿਚ ਲੋ ਹੋਈ। ਉਂਞ ਤਾਂ ਰੋਜ਼ ਸੂਰਜ ਚੜ੍ਹਦਾ ਹੈ, ਰੋਜ਼ ਪੰਖੇਰੂ ਬੋਲਦੇ ਹਨ, ਰੋਜ਼ ਪਹੁ ਫੁਟਾਲੇ ਦੀ ਚਾਨਣੀ ਫੁਹਾਰ ਪੈਂਦੀ ਹੈ, ਹਵਾਵਾਂ ਸ਼ਾਂ ਸ਼ਾਂ ਕਰਦੀਆਂ ਵਗਦੀਆਂ ਹਨ। ਵੇਲਾ ਵਗਦਾ ਜਾਂਦਾ ਹੈ: ਦੁਪਹਿਰ ਹੋਈ, ਸ਼ਾਮ ਹੋਈ, ਪੱਛਮ ਲਾਲੀ ਗਊ ਧੂੜਾਂ ਨਾਲ ਮਿਲੀ, ਸ਼ਾਮਾਂ ਨੂੰ ਰੰਗਦੀ ਲੰਘ ਗਈ, ਰਾਤ ਦੀ ਸਿਆਹੀ ਉਪਰ ਨੂਰ ਦੀਆਂ ਟਿੱਕੀਆਂ ਟਿੱਕੀਆਂ ਆਣ ਚਮਕਣ ਲੱਗੀਆਂ, ਰੋਜ਼ ਅਨੇਕ ਰਸ ਬਦਲੇ, ਪਰ ਮੇਰਾ ਇਹ ਦਿਲ ਨਾ ਜਾਗਿਆ। ਅਨੰਤ ਜੋਤੀ, ਅਨੰਤ ਸੁਹਣਪ, ਅਨੰਤ ਇਲਾਹੀ ਤਰੰਗਾਂ ਲਹਿਰਾ ਗਈਆਂ, ਪਰ ਅੰਦਰ ਦਾ ਕੰਵਲ ਨਾ ਖਿੜਿਆ। ਮੇਰੇ ਰੂਹ ਨੇ ਹੰਭਲਾ ਨਾ ਮਾਰਿਆ, ਜਾਣੋ ਕਿਸੇ ਤਾਪ ਜੇਹੇ ਵਿਚ ਪਿਆ ਰਿਹਾ, ਕਿਸੇ ਖੂਹ ਜਿਹੇ ਵਿਚ ਢੱਠਾ ਰਿਹਾ। ਜਿਹਨੂੰ ਦੁਨੀਆਂ ਵਾਲੇ 'ਹੋਸ਼' ਕਹਿੰਦੇ ਹਨ, ਉਹ ਦਰਅਸਲ ਬੇਹੋਸ਼ੀ ਹੈ। ਮੈਨੂੰ ਤਾਂ ਹੋਸ਼ ਏਹੋ ਹੀ ਆਉਂਦੀ ਹੈ ਕਿ ਮੈਂ ਬੇਹੋਸ਼ ਹਾਂ, ਮੇਰਾ ਚੌਵੀ ਘੰਟੇ ਦਾ ਜੀਣਾ ਬੇਹੋਸ਼ੀ ਵਿਚ ਹੈ; ਦੁਨੀਆਂ ਨਾਲ ਪਿਆਰ ਬੇਹੋਸ਼ੀ ਵਿਚ, ਮਨੁੱਖਾਂ ਨਾਲ ਦੋਸਤੀ ਬੇਹੋਸ਼ੀ ਵਿਚ, ਖਾਣਾ ਪੀਣਾ ਪਹਿਨਣਾ ਬੇਹੋਸ਼ੀ ਵਿਚ; ਪਰ ਜੀਵਨ ਦਾ ਉਹ ਖਿਣ ਜਦ ਕਦੀ ਰੱਬ ਦੇ ਬੰਦਿਆਂ ਵਾਲੀ ਹੋਸ਼ ਫੇਰ ਪਾਉਂਦੀ ਹੈ, ਮੈਂ ਕੀ ਦੱਸਾਂ?

ਬਾਹਰ ਪ੍ਰਾਕ੍ਰਿਤਕ ਪਹੁ-ਫੁਟਾਲੀ ਦਾ ਜਵਾਬ ਮੇਰੇ ਰੂਹ ਦੇ ਅੰਦਰ ਇਕ ਆਤਮਕ ਗੂੰਜ ਦੀ, ਗਗਨ ਵਤ ਉੱਚੀ, ਤਿੱਖੀ, ਤੀਰੀ ਸਵੇਰ

ਫੁੱਟਦੀ ਹੈ; ਨੂਰ ਦਾ ਕੜਕਦਾ, ਕੂਕਦਾ, ਸ਼ੂਕਦਾ, ਗੱਜਦਾ ਵੱਸਦਾ ਮੀਂਹ ਪੈਂਦਾ ਹੈ; ਪ੍ਰਕਾਸ਼ ਦਾ ਬਿਜਲੀ ਰੰਗਾ ਅਸਗਾਹ ਛੰਭ ਪੈਂਦਾ ਹੈ ਤੇ ਵਗਦੇ ਛੰਭ ਦੇ ਓਹ ਉਛਾਲੇ ਸ੍ਰਰਨ ਤੇ ਚਾਂਦੀ ਦੀਆਂ ਕਣ-ਬਦਲੀਆਂ ਦਾ ਤੁਫਾਨ ਆ ਜਾਂਦਾ ਹੈ, ਇਹ ਮਲੂਮ ਹੁੰਦਾ ਹੈ ਕਿ ਉਹ ਬਾਹਰ ਦਾ ਪਹੁ-ਫੁਟਾਲਾ ਇਸ ਅੰਦਰਲੇ ਪ੍ਰਕਾਸ਼ ਛਾਯਾ ਦੀ ਧੂੜ ਜੇਹੀ ਵਿਚ ਪਿਆ ਹੈ। ਮੇਰੇ ਦਿਲ ਦੇ ਅੰਦਰ ਸੂਰਜ ਉਦੇ, ਚੰਨ ਦੀ ਚਾਨਣੀ, ਮੇਰੇ ਦਿਲ ਦੇ ਅੰਦਰ ਆਦਰਸ਼, ਮੇਰੇ ਦਿਲ ਦੇ ਅੰਦਰ ਬੱਦਲ, ਇਹ ਲਾਲ ਗੁਲਾਬੀ ਪੀਤੰਬਰ, ਪੀਲੇ, ਬਸੰਤੀ, ਸੁਨਹਿਰੀ, ਊਦੇ, ਨੀਮ ਊਦੇ, ਨੀਲੇ, ਮੋਰ ਗਰਦਨੀ, ਸ਼ਯਾਮ ਰੰਗ, ਇਹ ਸਵੇਰ ਤੇ ਸ਼ਾਮ ਦੀਆਂ ਰੁਮਕਦੀਆਂ ਹਵਾਵਾਂ ਇਹ ਕੁਦਰਤ ਦੇ ਸੋਹਿਲੇ; ਹੁਣ ਭਾਈ ! ਪਹੁ ਫੁਟੀ, ਕਿਸੀ ਦਿਲ ਦੀ ਗੁਫਾ ਵਿਚੋਂ ਦਿਨ ਆਨ ਚੜ੍ਹਿਆ, ਹੁਣ ਇਹ ਹਵਾਵਾਂ ਸੁਹੇਲੀਆਂ ਜਾਪਦੀਆਂ ਹਨ, ਹੁਣ ਬੱਦਲ ਗੱਲਾਂ ਕਰਦੇ ਹਨ, ਸਰੂਆ ਦੀਆਂ ਛਾਵਾਂ ਵਿਚ ਕਈ ਰੂਹ ਧਮਾ ਚੌਕੜੀ ਮਚਾ ਰਹੇ ਹਨ, ਹਜ਼ਾਰਾਂ ਫੁਲਵਾੜੀਆਂ ਖਿੜੀਆਂ ਪਈਆਂ ਹਨ, ਰੱਬ ਦੇ ਬੰਦੇ ਦਾ ਦਿਲ ਕੇਹਾ ਸੁਹਣਾ ਚਮਨ ਹੈ, ਕੇਹਾ 'ਖਿੜਿਆ ਬਾਗ' ਹੈ। ਏਥੇ ਕੁਦਰਤ ਦੇ ਸੁਹਣਪ, ਰਾਗ, ਸੁਗੰਧੀ, ਰੰਗ, ਰੂਪ, ਰੀਤ, ਪਿਆਰ ਦੇ ਜੀਵਨ ਦੀਆਂ ਲਹਿਰਾਂ ਠਾਠਾਂ ਮਾਰ ਰਹੀਆਂ ਹਨ, ਹੋਰ ਕੁਛ ਸਮਾਈ ਅਸੰਭਵ।

ਫਿਰ ਸਿਧਾਂਤ ਦੀ ਗੱਲ ਹੈ ਕਿ ਧੁੱਪ ਪਿਆਰੀ ਤਾ ਲੱਗੇ ਜੇ ਓਹੋ ਜੇਹੀ ਅੰਦਰ ਮੇਰੇ ਧੁੱਪ ਖਿੜੀ ਹੋਵੇ। ਆਕਾਸ਼ ਆਪਣਾ ਤਦ ਦਿੱਸੇ ਜੇ ਓਹੋ ਜੇਹਾ ਅੰਦਰ ਆਕਾਸ਼ ਹੋਵੇ। ਇਕ ਚੰਨ ਦਿਲ ਦੀ ਗੁਫਾ ਵਿਚ ਹੋਵੇ ਤਦ ਬਾਹਰ ਦੀ ਚਾਨਣੀ ਕੋਈ ਕਰੀਬੀ ਹੱਡੀ, ਅੰਗ ਸਾਕ ਭਾਸਣ ਲੱਗੇ। ਹਵਾਵਾਂ, ਪੰਖੇਰੂ, ਬਸੰਤ ਦੇ ਬੱਦਲ ਮੇਰੇ ਪ੍ਰੀਤ ਸੁਨੇਰੇ ਕਿਵੇਂ ਲੈ ਜਾਣ, ਜਦ ਤਾਈਂ ਓਹ ਆਪਣਾ ਲਹੂ ਮੈਂ ਵਿਚ ਸੁੰਘ ਨਾ ਲੈਣ। ਹਾਂ ਜੀ ! ਰੱਬ ਦਾ ਬੰਦਾ ਕਹਿ ਸਕਦਾ ਹੈ:-

ਓ ਗਗਨ ! ਆ ਜਾ, ਮੈਂ ਤੇਰੇ ਨਾਲ ਮਿਲਸਾਂ!<br>
ਹਾਂ ਜੀ, ਅੱਜ ਮਿਲਸਾਂ !<br>
ਤੇਰੇ ਉੱਤੇ ਪ੍ਰਭਾਤ ਛਾਈ ਹੈ<br>
ਮੈਂ ਵਿਚ ਬੀ ਭੋਰ ਹੋਈ ਹੈ।

ਓ ਸਮੁੰਦ੍ਰ ! ਉੱਛਲ ਕੂਕ,
ਮੈਂ ਤੇਰੇ ਥੀਂ ਵੱਧ ਉਛਲਸਾਂ
ਮੈਂ ਤੈਥੀਂ ਵੱਧ ਕੂਕਸਾਂ।
ਓ ਤਾਰਿਓ ! ਚਮਕੋ, ਅਡੋਲ ਖੜੇ ਰਹੋ,
ਮੈਂ ਤੁਸਾਂ ਥੀਂ ਵੱਧ ਸਬਰ ਕਰਸਾਂ ਤੇ ਬੇਅੰਤ ਸਬਰ।
ਓ ਬਿਜਲੀ ! ਕੜਕ, ਗੱਜ, ਤੜਪ, ਟੋਟੇ ਹੋ ਜਾਹ,
ਪਰ ਠਹਿਰ,
ਮੇਰੀਂ ਹੱਡੀਂ ਆਸ ਦੇ ਜ਼ਰਰੇ
ਤੇਰੇ ਥੀਂ ਵੱਧ ਕੜਕਸਨ, ਵੱਧ ਗਰਜਸਨ,
ਵੱਧ ਤੜਪਸਨ, ਮੇਰੀ ਬੇਅੰਤ ਬੇਸਬਰੀ।
ਹੇ ਪਰਬਤ ! ਬੱਜਰਪਨੇ ਤੂੰ ਨਾਂ ਹਿੱਲੇਂ,
ਆ, ਮੈਂ ਨਾਲ ਖਲੋਕੇ ਤੱਕ।
ਹੇ ਰਵਿ, ਹੇ ਸਸਿ।
ਮੈਂ ਰੱਬ ਦਾ ਬੰਦਾ ਤੁਸਾਂ ਥੀਂ ਵੱਧ ਚਮਕਸਾਂ,
ਫੁਲੋ ! ਖਿੜੋ, ਮਹਿਕੋ,
ਪਰ ਮੈਂ ਤੁਸਾਂ ਥੀ ਵੱਧ ਮਹਿਕਸਾਂ।

ਜਦ ਤਕ ਉਹ ਰੂਹ ਦਾ ਅੰਦਰੋਂ ਟੰਕਾਰੀ ਸ਼ਬਦ ਨਾ ਹੋਵੇ, ਕੁਦਰਤ ਦਾ ਆਤਮਕ ਭਾਵ ਸਾਡੇ ਆਤਮਾਂ ਦੇ ਹੱਡੀ ਮਾਸ ਵਿਚ ਨਾ ਵੱਸੇ, ਤਦ ਤਕ ਹੋਸ਼ ਬੇਹੋਸ਼ੀ ਹੈ, ਨੀਂਦਰ ਮੌਤ ਤੇ ਜਾਗ੍ਰਤ ਹਨੇਰਾ ਹੈ। ਇਸ ਹਨੇਰੇ ਵਿਚ ਕੁਦਰਤ ਇਕ ਅਰਥ ਰਹਿਤ ਵਿਸਥਾਰ ਹੈ, ਆਸ ਪਾਸ ਇੱਟ ਰੋੜੇ ਵਾਂਗ ਤਿਤ੍ਰ ਬਿਤ੍ਰ ਖਿਲਾਰ ਹੈ, ਕੁਦਰਤ ਵਿਚ ਸਾਡੀ ਸੈਰ ਇਕ ਸੁਰੰਗ ਵਿਚ ਦੀ ਛੂਟ ਕਰ ਦੌੜਨਾਂ ਹੈ, ਜਾਂ ਪਹੁੰਚੇ ਛੁੰਗਾਕੇ' ਦਰਿਯਾ ਦੇ ਜਲ ਵਿਚੋਂ ਲੰਘ ਜਾਣਾ ਹੈ। ਦਰਿਯਾ ਦਾ ਪਾਣੀ ਸਾਡੇ ਅੰਦਰ ਨੂੰ ਕਦੀ ਗਿੱਲਾ ਨਹੀਂ ਕਰਦਾ, ਬੇਹੋਸ਼ ਬੰਦੇ ਨੂੰ ਕੁਦਰਤ ਨਾਲ ਅਪਣੱਤ ਕੋਈ ਨਹੀਂ, ਬੇਹੋਸ਼ੀ ਦਾ ਇਹ ਸਭ ਥੀਂ ਮੋਟਾ ਲੱਛਣ ਹੈ। ਜਿਸ ਚੀਜ਼ ਨਾਲ ਅਪਣੱਤ ਕੋਈ ਨਹੀਂ, ਓਹ ਸਾਡੇ ਲਈ ਜੇਹੀ ਹੋਈ ਤੇ ਜੇਹੀ ਨਾਂ ਹੋਈ। ਕੇਵਲ ਪਿਆਰ ਹੀ ਗਿਆਨ ਹੈ। ਪਿਆਰ ਥੀਂ, ਅਪਣੱਤ ਥੀਂ ਛੁੱਟ ਹੋਰ ਕੋਈ ਗਿਆਨ ਨਹੀਂ। ਜਦ ਅਸੀਂ ਕਿਸੀ

ਚੀਜ਼ ਨੂੰ ਪਿਆਰ ਕਰਦੇ ਹਾਂ ਤਾਂ ਉਹ ਚੀਜ਼ ਸਾਡੇ ਅੰਦਰ ਆ ਵਸਦੀ ਹੈ। ਸਾਡੇ ਵਿਚ ਹੀ ਰਹਿਣ ਲਗ ਜਾਂਦੀ ਹੈ, ਸਾਡੇ ਵਿਚ ਹੀ ਸਾਹ ਲੈਣ ਲਗ ਜਾਂਦੀ ਹੈ, ਪਿਆਰ ਸਭ ਭੇਤਾਂ ਨੂੰ ਜਾਣ ਜਾਂਦਾ ਹੈ। ਓਸ ਚੀਜ਼ ਦਾ ਸਹਿਜ ਸੁਭਾ ਇਲਮ ਹੋ ਜਾਣਾ ਪਿਆਰ ਦਾ ਨਤੀਜਾ ਹੈ। ਜਦ ਇਉਂ ਮੱਲੋ ਮੱਲੀ ਕੁਦਰਤ ਦੇ ਪਿਆਰ ਵਿਚ ਗੂੰਜ ਦਾ ਅੰਦਰ ਪਹੁ ਫੁਟਾਲਾ ਹੋਇਆ, ਰਤਾ ਕੁ ਹੋਸ਼ ਆ ਗਈ, ਇਹ ਬੱਸ ਮੈਨੂੰ ਕਿੰਨੇ ਚਿਰ ਪਿੱਛੋਂ ਰੱਬ ਦੀ ਪੂਜਾ ਕਰਨ ਨੂੰ ਸਮਾ ਲੱਭਾ, ਇਹ ਮੇਰੀ ਪੂਜਾ ਦੀ ਘੜੀ ਹੈ।

ਹੁਣ ਇਸ ਘੜੀ ਮੈਨੂੰ ਕੋਈ ਬੀ ਗ਼ਰੀਬ ਨਾ ਆਖੋ, ਮੈਂ ਗੰਦਾ। ਓਏ ! ਮੈਂ ਰੱਬ ਦਾ ਬੰਦਾ। ਓਏ ! ਮੈਂ ਕਲਗੀਆਂ ਵਾਲੇ, ਬਾਜਾਂ ਵਾਲੇ ਦਾ ਨਿੱਕਾ ਜਿਹਾ ਬੱਚਾ, ਓਏ ਮੈਂ ਬਾਬੇ ਦਾ ਭੁੰਜਰਗੀ। ਓਏ ਸਭ ਥੀਂ ਉੱਚਾ ਮੀਨਾਰ ਮੈਨੂੰ ਦੇਵੋ, ਓਏ ਮੈਂ ਕੂਕਾਂ: 'ਮਿਟੀ ਧੁੰਧ ਜਗ ਚਾਨਣ ਹੋਇਆ'। ਅੱਜ ਕਲਗੀਆਂ ਵਾਲਾ ਆਇਆ। ਇਹ ਸੁਖ ਦੀ ਘੜੀ ਮੇਰੀ ਅਚੇਰਜ ਹੈ। ਦੇਖੋ, ਇਹ ਸੁਹਣਪ ਦਾ ਨਜ਼ਾਰਾ ਕਰੋ, ਹੁਣ ਮੈਨੂੰ ਬੱਸ ਆਖੋ ਕੁਛ ਨਹੀਂ, ਮੈਂ ਕਿਸੀ ਦਾ ਕੁਝ ਨਹੀਂ ਦੇਣਾ। ਹੇ ਦੂਨੀਆਂ ਵਾਲਿਓ ! ਨਾ ਮੈਂ ਕਿਸੀ ਦਾ ਤੇ ਨਾ ਮੇਰਾ ਕੋਈ; ਨਾਂ ਕੋਈ ਸਾਥੀ ਨਾ ਸੰਗੀ, ਇਕੱਲੇ ਆਏ ਇਕੱਲੇ ਜਾਣਾ ! ਹਾਂ, ਹਾਂ ਹਸਦਿਆਂ ਦੰਦਾਂ ਦੀ ਪ੍ਰੀਤਿ ਇਹ ਰੀਤਿ ਮਿੱਤ੍ਰਾਂ ਦੀ ਛੱਡਣੀ ਨਹੀਂ। ਆਓ, ਬਹਿ ਜਾਓ ਪਰ ਆਖੋ ਕੁਝ ਨਾ, ਯਾਦ ਮੈਨੂੰ ਕੁਝ ਨਾਂ ਕਰਾਓ, ਦੁਖ ਹੋਸੀ, ਕਲਹ ਹੋਸੀ, ਪਰ ਇਹ ਘੜੀ ਮੈਨੂੰ ਪੂਜਾ ਕਰ ਲੈਣ ਦਿਓ, ਪਤਾ ਨਹੀਂ ਕਿੰਨੀਆਂ ਸਦੀਆਂ ਮਗਰੋਂ ਮੈਨੂੰ ਇਹ ਹੱਥ ਲਗੀ ਹੈ।

ਦੇਖੋ, ਕੁਦਰਤ ਅਡੋਲ ਆਤਮ ਰਸ ਵਿਚ ਲੀਨ ਹੋਈ, ਪਹੁ ਥਾਈਂ ਥਾਈਂ ਫੁੱਟ ਰਹੀ ਹੈ; ਸੁਹਣਪ ਟੁੱਟ ਰਹੀ ਹੈ; ਬਰਫ, ਅੱਗ, ਜਲ, ਵਾਯੂ, ਹਰਨ, ਸ਼ੇਰ, ਘਾਹ, ਦਰਯਾ, ਪਰਬਤ, ਅਕਾਸ਼, ਬ੍ਰਿਛ, ਧਰਤੀ, ਚੰਨ, ਸੂਰਜ, ਤਾਰੇ, ਦਿਨ, ਰਾਤ, ਮੰਡਲਾਂ ਦੇ ਮੰਡਲ ਬ੍ਰਹਮੰਡਾਂ ਦੇ ਬ੍ਰਹਮੰਡ ਅਡੋਲ ਸਾਈਂ ਜੀ ਦੀ ਸੁਰਤ ਵਿਚ ਪ੍ਰੋਤੇ ਖੜੇ ਹਨ, ਇਹ ਰਬੀ ਮਿਹਰ ਦੀ ਅਗੰਮ ਘੜੀ ਹੈ, ਇਹ ਸਤਿਗੁਰ ਦੇ ਪਿਆਰ ਦਾ ਅਨੇਕ ਜਨਮਾਂ ਦੇ ਮੁੱਲ ਦਾ ਇਕ ਛਿਨ ਹੈ, ਇਹ ਮੇਰੀ ਪੂਜਾ ਦੀ ਘੜੀ ਹੈ, ਇਹ

'ਅੰਮ੍ਰਿਤ ਵੇਲੇ' ਦਾ ਕਿਣਕਾ ਹੈ ਇਹ ਕਲਗੀਆਂ ਵਾਲੇ ਦੀ ਕਲਗੀ ਥੀਂ ਚੱਲੀ ਕਿਰਨ ਦੀ ਮੰਦ ਮੰਦ ਦਿਵਯ ਛੁਹ ਹੈ।

ਖਲੋ ਜਾਈਂ ਹੇ ਬਾਜਾਂ ਵਾਲਿਆ ਬਾਬਲਾ ! ਹੇ ਨੀਲੇ ਘੋੜੇ ਵਾਲੇ ! ਰਤਾ ਕੁ ਠਹਿਰੀਂ !

ਇਸ ਘਰ ਦੀ ਬਨਾਵਟ ਚੰਗੀ, ਚੰਗੇ ਇਹ ਮਹਲ, ਚੰਗੀ ਸੁਹਣੀ ਤੇਰੀ ਕੁਦਰਤ, ਪਰ ਮੈਂ ਕੀ ਕਰਾਂ ਇਨ੍ਹਾਂ ਮੰਮਟਾਂ ਮਾੜੀਆਂ ਨੂੰ? ਇਥੇ ਮੇਰਾ ਦਿਲ ਤੰਗ ਪੈਂਦਾ ਹੈ, ਹੁੱਸੜ ਆਉਂਦਾ ਹੈ, ਕੁਦਰਤ ਭਾਰੀ ਲਗਦੀ ਹੈ। ਬਾਬਲ ਜੀ ! ਅਮੀਰੀ ਦੀ ਚਾਹ ਨਹੀਂ, ਅਜ ਦਿਲ ਦਾ ਦਿਨ ਚੜ੍ਹਿਆ ਹੈ। ਗ਼ਰੀਬੀ ਦਿਓ, ਟੁੱਟੇ ਬਸਤ੍ਰ ਬਖਸ਼ੋ, ਭੁੱਲ ਬਖਸ਼ੋ; ਇਹ ਰੱਜਣ, ਇਹੀ ਅਮੀਰੀ ਕਿਹੀ ਕੰਗਾਲ ਹੈ। ਆਪਣੇ ਦਰਸ਼ਨ ਦੀ ਭੁੱਖ ਦਿਓ, ਬੱਸ ਰੱਜੀਏ ਨਾਂ। ਇਉਂ ਬੀ ਸਭ ਚੀਜ਼ਾਂ ਚੰਗੀਆਂ ਹਨ, ਸਸਿ, ਸੂਰ, ਪਾਵਕ, ਅਕਾਸ਼, ਫੁਲ ਫਲ ਸੁੰਦਰ; ਅਗਨੀ, ਚੰਦਨ, ਸੰਧੂਰ ਸਭ ਚੰਗੇ, ਪਰ ਹੇ ਸੱਚੇ ਪਾਤਸ਼ਾਹ ! ਜਿਸ ਨੂੰ ਤੁਸੀਂ ਬਖਸ਼ੋ ਉਸ ਨੂੰ ਇਹ ਚੰਗੇ ਨਾਂ ਲਗਣ, ਤੁਸਾਡੇ ਚਰਨ ਚੰਗੇ ਲਗਣ, ਤੁਸਾਡੇ ਘੋੜੇ ਦਾ ਰਾਹ ਚੰਗਾ ਲਗੇ, ਆਪ ਦੇ ਜਾਣ ਦੇ ਰਸਤੇ ਦੀ ਮਿੱਟੀ ਮੇਰੇ ਰੂਹ ਦੀ ਵਿਭੂਤੀ ਹੋਵੇ।

ਹੇ ਕ੍ਰਿਪਾਲ ! ਹੇ ਦਿਆਲ ! ਹੇ ਸੂਰਜਾਂ ਦੇ ਸੂਰਜ ! ਹੇ ਮੀਰੀ ਪੀਰੀ ਦੇ ਸਾਈਂ! ਹੇ ਜੀਵਨਾਂ ਦੇ ਜੀਵਨ ! ਹੇ ਜਗਤ ਦੇ ਰੂਹ ! ਹੇ ਜੋਤਾਂ ਦੀ ਜੋਤੀ ! ਹੇ ਦਿਲਾਂ ਦੇ ਦਿਲ ! ਹੇ ਪ੍ਰਾਣਾਂ ਦੇ ਪ੍ਰਾਣ ! ਹੇ ਮੇਰੇ ਪਾਤਸ਼ਾਹ ! ਹੇ ਅਕਾਲ ਮੂਰਤ ! ਹੇ ਨਿਰਵੈਰ ! ਹੇ ਸਤਿਨਾਮ ! ਹੇ ਵਾਹਿਗੁਰੂ ! ਹੇ ਸੰਗੀ ! ਹੇ ਸਹਾਈ ! ਹੇ ਬਖਸ਼ਿੰਦ ਸੱਚੇ ਸਤਿਗੁਰੂ ! ਹੇ ਸੂਰਜਾਂ ਦੇ ਸਾਂਈਂ ! ਹੇ ਭੂਤ ਭਵਿੱਖਤ ਦੇ ਵਾਲੀ ! ਹੇ ਪਾਤਸ਼ਾਹਾਂ ਦੇ ਪਾਤਸ਼ਾਹ ! ਜਿਸ ਅੱਗੇ ਜਾਗਦੇ ਬੰਦੇ ਅਰਦਾਸ ਕਰਦੇ ਹਨ, ਫਕੀਰਾਂ ਦੇ ਘਰ, ਵਤਨ ਆਸਰਾ ਬਖਸ਼ ਲੈ ! ਕੜੀ ਕੁਦਰਤ ਕੀ ਕਰਨੀ ਹੈ, ਬਸ ਹਜ਼ੂਰ ਦੇ ਦਰਸ਼ਨਾਂ ਦੀ ਤਾਂਘ ਰਹੇ। ਹਜ਼ੂਰੀ ਬਖਸ਼ੋ, ਮਾਇਆ ਪ੍ਰਬਲ ਨਾਂ ਹੋਵੇ, ਤੁਸੀਂ ਚੰਗੇ ਲਗਦੇ ਰਹੋ !

ਹੇ ਜਗਦਾਤਾ ! ਹੇ ਸਵੇਰਾਂ ਦੇ ਸਵੇਰੇ ! ਹੇ ਰਾਤਾਂ ਦੀ ਰਾਤ ! ਹੇ ਕਾਲਾਂ ਦੇ ਕਾਲ ! ਹੇ ਸੁਹਣਿਆਂ ਦੇ ਸੁਹਣੇ ! ਹੇ ਪੁਰਖਾਂ ਦੇ

ਪੁਰਖ ! ਇਹ ਕਿਹੀ ਜਾਗ ਹੈ। ਅੱਖਾਂ ਬੰਦ ਹਨ, ਕੁਦਰਤ ਲਯ ਹੋਈ ਰੂਹ ਵਿਚ ਰਸ ਰੂਪ ਹੋ ਰਹੀ ਹੈ, ਨਰ ਨਾਰੀ, ਡਾਲ, ਪੱਤੇ, ਦਰਿਯਾ, ਘਾਹ, ਤਾਰੇ ਸਭ ਹੱਥ ਬੱਧੇ ਅਰਦਾਸ ਵਿਚ ਹਨ, ਤੂੰ ਹੀ ਤੂੰ ਹੀ ਦੀ ਧੁਨੀ ਹੈ, ਦਿਲਾਂ ਵਿਚ ਚਾਨਣ ਹੈ, ਸੁਗੰਧਿ ਹੈ, ਭੌਰ ਹੈ, ਅੱਜ ਪਿਆਰ ਦਾ ਦਿਨ ਹੈ, ਇਹ ਪੂਜਾ ਦੀ ਘੜੀ ਹੈ ! ਧੰਨ ! ਧੰਨ ! ਧੰਨ ! ਗੁਰੂ ਗੋਬਿੰਦ ਸਿੰਘ !

ਕੁਦਰਤ ਦਾ ਪਿਆਰ ਤੇ ਕੁਦਰਤ ਪੂਜਾ, ਹੁਣ ਵੇਖ ਲੀਤੀ, ਸਾਨੂੰ ਰਿਝਾ ਨਹੀਂ ਸਕਦੀ, ਜਾਗਦਿਆਂ ਨੂੰ ਤੇਰੀ ਕਲਗੀ ਥੀਂ ਚਲੀ ਕਿਰਨ ਇਉਂ ਲਗੀ ਜੋ ਓਹ ਬਲ ਉਠੇ, ਨੂਰ ਦਾ ਅਲਾਂਬਾ ਹੋ ਗਏ, ਹੁਣ ਠਹਿਰਨ ਕਿੱਥੇ, ਚਲੇ, ਚਲੇ।

## ਸ੍ਰੀ ਹਰਿਮੰਦਰ ਯਾਤ੍ਰਾ

ਕਿੰਨੇ ਦਿਨ ਹੋ ਗਏ, ਮੈਂ ਹਰਿਮੰਦਰ ਦੀ ਯਾਤ੍ਰਾ ਨਹੀਂ ਗਿਆ, ਬਾਬੇ ਦੇ ਦਰਸ਼ਨ ਨਹੀਂ ਕੀਤੇ, ਲੋਕਾਂ ਦੇ ਭਾਣੇ ਮੈਂ ਕਾਫਰ ਹੋਇਆ, ਪਰ ਮੇਰੇ ਭਾਗ ਨਹੀਂ ਜਾਗੇ। ਮੈਂ ਕੀ ਕਰਾਂ, ਮੇਰੇ ਬਖਤ ਕਦੀ ਜਾਗਦੇ ਤੇ ਕਦੀ ਸੌਂਦੇ ਹਨ; ਮੇਰੇ ਭਾਗ ਦਾ ਤਾਰਾ ਨਹੀਂ ਚੜ੍ਹਿਆ, ਮੇਰੀ ਨੀਂਦ ਨਾ ਆਈ, ਮੇਰੀ ਰਾਤ ਨਾ ਖਿੜੀ; ਅੱਜ ਮੱਲੋਮੱਲੀ ਮੈਂ ਹਰਿਮੰਦਰ ਦੀ ਯਾਤ੍ਰਾ ਨੂੰ ਚਲਿਆ, ਪੈਰ ਜ਼ਮੀਨ ਤੇ ਨਹੀਂ ਟਿਕਦੇ ਸਨ, ਦਿਲ ਛਾਤੀ ਵਿਚ ਨਹੀਂ ਸੀ ਟਿਕਦਾ। ਮੈਂ ਘੰਟੇ ਘਰ ਥੀਂ ਹੇਠ ਉਤਰਕੇ ਸੀਸ ਸੰਗਮਰਮਰ ਤੇ ਰੱਖ ਦਿਤਾ। ਕਿਸੀ ਦੇ ਚਰਨਾਂ ਪਰ ਪਿਆ ਹੋਸੀ, ਕਿਸੀ ਨਾਲ ਛੂਹਿਆ ਹੋਸੀ, ਸਿਰ ਰਖਦਿਆਂ ਹੀ ਦਿਲ ਉਛਲਿਆ, ਇਹੋ ਚਿਤ ਕਰੇ ਵਹਿਲਾ ਵਹਿਲਾ ਜਾਵਾਂ, ਕੋਈ ਜਿਵੇਂ ਕੰਨ ਵਿਚ ਆਖਦਾ ਹੁੰਦਾ ਹੈ: ਛੇਤੀ ਜਾਹ ਬਾਬਾ ਜੀ ਉਡੀਕ ਰਹੇ ਹਨ। ਕਲਗ਼ੀਆਂ ਵਾਲੇ ਚਾਹਨਾ ਕਰ ਰਹੇ ਹਨ। ਕਿਸੀ ਅਦ੍ਰਿਸ਼ਟ ਡੋਰ ਵਿਚ ਬੱਧੇ ਲਾਟੂ ਵਾਂਗ ਪ੍ਰਕਰਮਾਂ ਦੀ ਭਵਾਟਣੀ ਖਾਂਦਾ, ਦਰਸ਼ਨੀ ਦਰਵਾਜ਼ੇ ਉਪਰ ਆਣ ਢੱਠਾ, ਦੌੜਿਆ ਹੀ ਗਿਆ। ਲਾਡ ਵਿਚ ਮਾਫੀ ਹੈ, ਬਾਬੇ ਅੱਗੇ ਜਾਕੇ ਕਲਗ਼ੀਆਂ ਵਾਲੇ ਦੇ ਬੰਦੇ ਦਾ ਸੀਸ ਭੇਟ ਕੀਤਾ, ਫੁੱਲ ਮਿਲੇ, ਇਕ ਹਾਰ ਨਹੀਂ, ਅੱਠ ਹਾਰ ਪਏ, ਮੁੜ ਚਾਰ ਹੋਰ ਪਏ, ਕਲਗੀਆਂ ਵਾਲੇ ਨੇ ਪਾਏ, ਸਜ

ਗਿਆ, ਹੁਣ ਚਾਉ ਮਾਇਆ ਨਾ ਜਾਏ। ਮੈਂ ਨੱਚਣ ਲਗ ਗਿਆ, ਮਨ ਨੇ ਘੁੰਗਰੂ ਪਾ ਲਏ, ਸਤਿਗੁਰੂ ਜਗ-ਪਾਲਕ ਬਾਪ ਰੂਪ ਹੋ ਮਿਲਿਆ, ਹਜ਼ੂਰ ਥੀਂ ਚਲੀਆਂ ਕਿਰਨਾਂ ਆਈਆਂ, ਮਾਂ ਜੀ ਮਿਲੇ। ਅੱਜ ਮੈਨੂੰ ਸੋਝੀ ਆਈ, ਅੱਜ ਪਤਾ ਲਗਾ, ਮੈਂ ਸਹੁੰ ਖਾਕੇ ਯਥਾਰਥ ਕਹਿੰਦਾ ਹਾਂ ਕਿ ਹਰਿਮੰਦਰ ਮੇਰਾ ਹੈ, ਇਹ ਮੇਰੀ ਜ਼ਾਤੀ ਆਪਣੀ ਵਿਰਾਸਤ ਹੈ। ਇਹ ਸਚਖੰਡ ਦਾ ਟੁਕੜਾ ਕਲਗੀਆਂ ਵਾਲੇ ਨੇ ਆਪਣੇ ਜਾਗਦੇ ਬੱਚਿਆਂ ਲਈ ਘੱਲਿਆ ਹੈ।

ਦਿੱਸੇ ਭਾਵੇਂ ਨਾ ਦਿੱਸੇ, ਇਹ ਇਸ ਮੰਡਲ ਵਿਚ ਬਾਬੇ ਜੀ ਦਾ ਸਚਖੰਡ ਹੈ, ਕਲਗੀਆਂ ਵਾਲੇ ਦਾ ਵਤਨ ਹੈ, ਅਸਾਂ ਇਸ ਚੋਲੇ ਨੂੰ ਛੱਡਕੇ ਇਥੇ ਹੀ ਜਾਣਾ ਹੈ। ਅਰਸ਼ਾਂ ਦੇ ਦੇਵਤੇ ਇਥੇ ਦਿਨ ਰਾਤ ਗਾਉਂਦੇ ਹਨ, ਝੂਲਦੇ ਹਨ, ਅਸ਼ਰੀਰੀ ਦੇਵਤੇ ਹੀ ਨਹੀਂ ਸ਼ਰੀਰ ਧਾਰਕੇ ਬੀ ਦੇਵਤੇ ਮਨੁੱਖ ਰੂਪ ਵਿਚ ਇਸ ਮੰਦਰ ਵਿਚ ਰਹਿੰਦੇ ਹਨ; ਜਾਗਦਿਆਂ ਬੰਦਿਆਂ ਦੇ ਅਰਦਾਸੇ ਦਾ ਉੱਤਰ ਓਹ ਦੇਂਦੇ ਹਨ, ਓਹ ਕਲਗ਼ੀਆਂ ਵਾਲੇ ਦੇ ਆਸ਼ਕ ਹਨ। ਇਥੇ ਬਿਰਹੀਆਂ ਨੂੰ ਦਿਦਾਰ ਹੁੰਦੇ ਹਨ, ਭਗਤਾਂ ਦੇ ਚਿਤ ਨੂੰ ਸਹੰਸਰ ਚਰਨਾਂ ਵਾਲੇ ਦੇ ਕਮਲ ਚਰਨਾਂ ਦੀ ਛੁਹ ਪ੍ਰਾਪਤ ਹੁੰਦੀ ਹੈ। ਤੂੰ ਮੰਨਦਾ ਨਹੀਂ, ਪਰ ਮੈਂ ਕਹਿਣ ਥੀਂ ਕਿਉਂ ਟਲਾਂ, ਬਾਬਾ ਨਾਨਕ ਕਦੀ ਕਿਸੀ 'ਨਾਮੀ ਫਕੀਰ' ਦੀ ਬੁੱਕਲ ਵਿਚ, ਕਦੀ 'ਰਸਿਕ ਬੈਰਾਗੀ' ਦੀ ਬੁੱਕਲ ਵਿਚ 'ਵਾਹਿਗੁਰੂ ਵਾਹਿਗੁਰੂ' ਕਰਦਾ ਹੈ। ਓਹੋ ! ਕੀ ਬਾਬਾ ਤੈਨੂੰ ਨਹੀਂ ਦਿੱਸਦਾ? ਕੀ ਕਲਗ਼ੀਆਂ ਵਾਲੇ ਦਾ ਪਤਾ ਨਹੀਂ ਲਗਦਾ? ਔਹ ਸਾਹਮਣੇ ਦੇਖ, ਔਹ ਸੁੱਤਾ ਪਿਆ ਹੀ ਨਾ; ਦੌੜ, ਮਰ ਜਾਣਿਆਂ ! ਦੌੜ। ਇਹ ਸਾਡਾ ਅਟੱਲ, ਅਮਰ, ਸੱਚ ਘਰ ਹੈ, ਸੱਚ ਵਤਨ ਹੈ। ਦੇਖੋ ਭਾਈ, ਸਾਡੇ ਦੀਨ ਦੁਨੀ ਦੇ ਵਾਲੀ ਇਥੇ ਰਹਿੰਦੇ ਹਨ।

ਇਹ ਗੁਰੂ ਰਾਮਦਾਸ ਜੀ ਦੀ ਦੇਹ ਹੈ। ਇਹ ਹਰਿਮੰਦਰ ਸਾਡਾ ਜੀਵਨ, ਪ੍ਰਾਣ, ਧਰਤ, ਅਕਾਸ਼, ਹੱਡੀ, ਮਾਸ, ਰੁਧਰ ਹੈ; ਇਹ ਸਾਡਾ ਦਿਲ ਹੈ। ਇਹ ਸਾਡੇ ਲੋਕ ਪ੍ਰਲੋਕ ਦੀ ਫਤਹ ਹੈ, ਇਹ ਸਾਡਾ ਮਹਾਨ-ਕੇਂਦ੍ਰ ਹੈ, ਇਹ ਸਾਡੇ ਰੱਬ ਦਾ ਘਰ ਹੈ। ਦਰਬਾਰ ਸਾਹਿਬ ਰੂਹ ਦਾ ਸੁਪਨ, ਸੱਚ ਤੇ ਸੱਚ-ਸੁਪਨ ਹੈ, ਦਰਬਾਰ ਸਾਹਿਬ ਠੀਕ ਸਚਖੰਡ ਦਾ

ਟੁਕੜਾ ਹੈ, ਜਿਹੜਾ ਅਨੰਤ ਤੀਰੀ ਰਸ਼ਮੀਆਂ ਨਾਲ ਧੁਰ ਅਰਸ਼ਾਂ ਥੀਂ ਪੰਘੂੜੇ ਵਾਂਗ ਨਿਰੋਲ ਅਕਾਸ਼ ਵਿਚ ਝੂਲ ਰਿਹਾ ਹੈ, ਜੋ ਮੰਨਕੇ ਇਥੇ ਆਇਆ ਉਹ ਜੀਵਨ ਮੁਕਤ ਹੈ, ਜੀਵਨ ਮੁਕਤੀ ਇਸ ਵਿਸ਼ਵਾਸ਼ ਦਾ ਆਣਾ ਹੈ।

ਇਹ ਸਥਾਨ ਕਲਗ਼ੀਆਂ ਵਾਲੇ ਦੀ ਸੁਰਤ ਵਿਚ ਚਮਕ ਰਿਹਾ ਹੈ। ਸਾਰੀ ਕੁਦਰਤ ਦੇ ਮੁੱਲ ਵਿਚ ਅਸੀਂ ਇਸ ਦੀ ਇਕ ਸ਼ਿਲਾ ਨਹੀਂ ਦੇ ਸਕਦੇ। ਕਿੰਞ ਕੰਵਲ ਵਤ ਇਹ ਅਸਗਾਹ ਜਲ ਵਿਚ ਖੜਾ ਹੈ। ਇਹ ਸਾਡਾ ਨਾਮ ਮੰਤ੍ਰ ਹੈ, ਇਹ ਸਾਡਾ ਧਿਆਨ ਹੈ। ਇਕ ਇਕ ਸ਼ਿਲਾ ਵਿਚ ਇਲਾਹੀ ਜਿੰਦ ਧੜਕ ਰਹੀ ਹੈ। ਇਹ ਸ਼ਿਲਾ ਨਹੀਂ, ਸੰਗਮਰਮਰ ਨਹੀਂ, ਇਹ ਈਸ਼੍ਵਰੀ ਦਰਬਾਰ ਦੇ ਅੱਡ ਅੱਡ ਸਿੰਘਾਸਨ ਹਨ। ਜਿੱਥੇ ਰਸੀਏ, ਪਹੁੰਚੇ ਹੋਏ ਫਕੀਰ, ਪੀਰ ਮੀਰ, ਸਰੀਰਾਂ ਨੂੰ ਧਿਆਨ ਲੀਨ ਕਰ ਬੈਠੇ ਹਨ। ਹੇ ਜਾਣ ਵਾਲੇ ਅਣਜਾਣ ! ਹੇ ਵਹਿਸ਼ੀ। ਹੇ ਨੈਣ ਜੋਤ ਥੀਂ ਹੀਨ ਮਨੁੱਖ ! ਭਾਵੇਂ ਤੂੰ ਕੋਈ ਹੋਵੇਂ, ਇਥੇ ਸਿਰ ਦੇ ਬਲ ਚੱਲ, ਇਹ ਪੀਰਾਂ ਪੈਗੰਬਰਾਂ ਦੇ ਅਦਬ ਦਾ ਸਥਾਨ ਹੈ, ਕੁੱਲ ਦੁਨੀਆਂ ਵਿਚ ਬਸ ਇਕ ਹੈ। ਬਾਲਕ ਰੂਪ ਹੋ ਨੱਸ ਗੋਦ ਵਿਚ ਬੈਠ, ਇਥੇ ਜਾਗਦਾ ਬੰਦਾ ਬਣਕੇ ਆ, ਇਥੇ ਅਨੰਤ ਅਦਬ ਨਾਲ ਸਿਰ ਝੁਕਾ, ਮੱਥਾ ਟੇਕ,' ਨਹੀਂ ਤਾਂ ਜਾਹ ਮਰ ਜਾਏਂਗਾ। ਓ ਪੁਜਾਰੀ ! ਦੇਖ, ਪੂਜਾ ਦੀ ਘੜੀ ਹੈ, ਦਿਲ ਵਿਚ ਅੰਦਰ ਦਾ ਪਹੁਫੁਟਾਲਾ ਲੈਕੇ ਆ; ਰਾਤ ਕਿਉਂ ਲਈ ਆਉਂਦਾ ਹੈਂ? ਦਿਲ ਦੀ ਮਸਾਲ ਜਗਾ !

## ਸਿਖ ਵੀਰ ਭੈਣਾਂ ਦੇ ਨਾਮ ਸੁਨੇਹਾ

ਓਹ ਸਿੱਖ ਰੂਪ ਵਾਲੇ ਵੀਰਾ ! ਓ ਸਿਖ ਅਖਵਾਣ ਵਾਲੇ ਵੀਰਾ ! ਦਰਬਾਰ ਸਾਹਿਬ ਦੀ ਪੂਜਾ ਛੱਡਕੇ ਦੇਖ ਤੇਰਾ ਆਤਮ ਰਸ ਦਾ ਸਿਰ ਜੁਦਾ ਹੋ ਜਾਸੀ। ਸਮੇਂ ਦਾ ਪਰਿਵਰਤਨ, ਤੇਰੀਆਂ ਦਲੀਲਾਂ ਅਪੀਲਾਂ, ਤਜਵੀਜ਼ਾਂ, ਬਨਾਵਟਾਂ, ਸਲਾਹਾਂ, ਮਸ਼ਵਰਿਆਂ, ਤਰਕੀਬਾਂ, ਅਕਲਾਂ, ਅਸੂਲਾਂ ਨੂੰ ਖਾ ਜਾਸੀ, ਤੇਰੀਆਂ ਬਣਾਈਆਂ ਸੁਸਾਇਟੀਆਂ ਸਭਾਵਾਂ ਵਿਚ ਕੀ ਰਖਿਆ ਹੈ, ਕਾਲ ਦੇ ਚੱਕਰਾਂ ਨੇ ਬੁਧ ਜਿਹਿਆਂ ਦੀਆਂ ਜਥੇਬੰਦੀਆਂ, ਈਸਾ ਜਿਹੀਆਂ ਦੀਆਂ ਉਪਦੇਸ਼ਕ ਟੋਲੀਆਂ ਦਾ ਅੰਗ ਅੰਗ ਕਰ

ਸੁਟਿਆ। ਆ ਸਮਝ ਜਾ, ਕੌਮਾਂ ਕੀ ਤੇ ਆਦਮੀ ਥੀ, ਏਂਬਰ ਕੀ ਤੇ ਮੁਲਕ ਕੀ, ਆਤਮਾ ਦਾ ਬਚਾਉ ਤਾਂ ਕੇਵਲ ਧਿਆਨ ਵਿਚ ਹੈ, ਮੰਨਣ ਵਿਚ ਹੈ ਵਿਸ਼੍ਵਾਸ ਵਿਚ ਹੈ, ਇਕਾਗ੍ਰਤਾ ਵਿਚ ਹੈ, ਪਿਆਰ ਵਿਚ ਹੈ, ਦਰਸ਼ਨ ਵਿਚ ਹੈ। ਜੀਵਨ ਖੁਲ੍ਹਦਾ ਮਰਕਜ਼ ਵਲ ਨਿਗਾਹ ਕਰਨ ਨਾਲ ਹੈ। ਜੀਵਨ ਦੇ ਆਦਰਸ਼ਾਂ, ਭੇਤਾਂ ਦਾ ਪਤਾ ਤੇ ਜੀਵਨ ਦਾ ਅਲੰਤ ਵਿਸਤਾਰ ਮਰਕਜ਼ ਦੇ ਪ੍ਰਕਾਸ਼ ਨਾਲ ਹੁੰਦਾ ਹੈ। ਸਾਡੀਆਂ ਚਲਾਕੀਆਂ ਮੌਤ ਹਨ, ਸਾਡੀ ਅਕਲ ਕੰਧ ਥੀਂ ਬਾਹਰ ਨਹੀਂ ਦੇਖ ਸਕਦੀ, ਅਸੀਂ ਬਿਨਾਂ ਕਲਗ਼ੀਆਂ ਵਾਲੇ ਦੇ ਧਿਆਨ ਦੇ ਕੀ ਕਰ ਲੈਣਾ ਹੈ। ਤੂੰ, ਤੂੰ, ਤੂੰ, ਤੂੰ, ! ਦਰਬਾਰ ਸਾਹਿਬ ਥੀਂ ਵਿਛੁੜ ਤੇ ਦੇਖ, ਔਹ ਤੂੰ ਸਤਿਗੁਰਾਂ ਦੀ ਝੋਲ ਵਿਚੋਂ ਟੁੱਟਾ, ਢੱਠਾ ਤੇ ਔਹ ਹੇਠ ਰਸਾਤਲ। ਕੌਮ ! ਕੌਮ ! ਇਹ ਕਿਹੀ ਬੇਮਾਅਨੇ ਕੂਕ ਹੈ? ਸਤਿਗੁਰਾਂ ਦਾ ਧਯਾਨ ਦਿਲ ਥੀਂ ਬਾਹਰ ਤੇ ਕੌਮ ਦਾ ਖਿਆਲ? ਹਾਂ ਜੀ, ਖਿਆਲ ਮਾਤ੍ਰ ਦਾ ਸ਼ੂਨਯ ਧਿਆਨ ਹਰ ਇਕ ਦੇ ਦਿਲ ਵਿਚ? ਯਾਦ ਰਖ ! ਸਿਖੀ ਤੇਰੇ ਦਿਲ ਵਿਚੋਂ ਉਠੀ ਜਾਣ। ਜਦ 'ਕੌਮ' ਤਰਫ ਵੜਿਆ, 'ਵਾਹਿਗੁਰੂ' ਦੇ ਸਿੰਘਾਸਣ ਨੂੰ ਚੁੱਕਿਆ ਜਾਣ ! ਹਰਿਮੰਦਰ ਦਾ ਪਿਆਰ ਉੱਠਣ ਦੀ ਦੇਰ ਹੈ ਤੇ ਬੱਸ ਜਾਹ, ਗਠੇ ਬੰਨ੍ਹ ਕੌਮਾਂ ਦੇ, ਪਰ ਅੱਖ ਖੋਹਲਸੇਂ ਤਾਂ ਦੇਖਸੇਂ ਕਿ ਪੱਥਰਾਂ ਦੀ ਮੁੱਠ ਨੂੰ ਰੇਤ ਦੀ ਰੱਸੀ ਨਾਲ ਤੂੰ ਬੰਨ੍ਹ ਰਿਹਾ ਹੈਂ, ਹੋਰ ਕੁਛ ਨਹੀਂ। ਧਿਆਨ ਬਿਨਾ ਮਨੁੱਖ ਬਾਵਲਾ ਹੈ, ਇਹ ਬਾਵਲਾ ਕਦੀ ਕੁੱਤਿਆਂ ਨਾਲ, ਕਦੀ ਕੰਡਿਆਂ ਨਾਲ ਆਪਣੇ ਆਪ ਨੂੰ ਲੜਾ ਲੜਾ ਆਪਣੇ ਰੂਹ ਨੂੰ ਫਾੜਦਾ ਹੈ, ਕਲਗੀਆਂ ਵਾਲੇ ਨੇ ਸਿਖਾਂ ਨੂੰ ਹਰਿਮੰਦਰ ਦੇ ਧਿਆਨ ਅਰ ਪਿਆਰ ਵਿਚ ਬੱਧਾ ਹੈ। ਛੋਛੀ ਦਲੀਲਬਾਜ਼ੀ ਆਈ ਤੇ ਹਰਿਮੰਦਰ ਇਕ ਸੰਗਮਰਮਰ ਦੀ ਇਮਾਰਤ ਰੂਪ ਦਿੱਸੀ। ਪੁਰਾਤਨ ਇਤਿਹਾਸ ਵਿਚ ਸਾਡੇ ਵਡਿਆਂ ਨੇ ਇਸ ਦੇ ਪਿਆਰ ਵਿਚ ਕੀ ਕੀ ਨਹੀਂ ਵਾਰਿਆ? ਉਹ ਵਾਰਤਾ ਚੇਤੇ ਕਰ, ਇਕ ਸਿੰਘਣੀ ਭੁਜੰਗੀ ਨੂੰ ਨਾਲ ਲਿਆ ਰਹੀ ਹੈ, ਦੀਵਾਨ ਕੌੜਾ ਮੱਲ ਜੀ ਵਰਜਦੇ ਹਨ:

"ਮਾਈ ! ਨਾ ਜਾ, ਮਾਰੀ ਜਾਸੇਂ, ਤੁਰਕਾਂ ਨੇ ਅੱਜ ਸਭ ਸਿੰਘ ਜੋ ਇਥੇ ਇਕੱਠੇ ਹੋਣਗੇ, ਮਾਰ ਦੇਣੇ ਹਨ।"

"ਵੀਰਾ ! ਵਰਜ ਨਾ, ਰਸਤਾ ਛੱਡ, ਮਰ ਜਾਸਾਂ ਤਾਂ ਭਲਾ ਹੋਸੀ, ਜਿੰਦ ਸਤਿਗੁਰਾਂ ਦੀ ਹਜ਼ੂਰੀ ਵਿਚ ਭੇਟ ਹੋ ਜਾਸੀ, ਇਸ ਨਕਾਰੇ ਸਰੀਰ ਦੀ ਖਾਤਿਰ ਬੇਮੁਖ ਹੋਵਾਂ?"

"ਮਾਈ ! ਤੈਨੂੰ ਆਪਣੇ ਨਾਲ ਤਾਂ ਪਿਆਰ 'ਨਹੀਂ, ਪਰ ਇਸ ਬੱਚੇ ਪਰ ਤਾਂ ਤਰਸ ਕਰ, ਇਹ ਤਾਂ ਮਸੂਮ ਬਾਲਕ ਹੈ।"

"ਵੀਰਾ ! ਤਰਸ ਕੀਤਾ ਹੈ ਤਾਂ ਹੀ ਨਾਲ ਲੈਕੇ ਆਈ ਹਾਂ, ਇਹ ਮੇਰੇ ਨਾਲੋਂ ਵਿਛੜਕੇ ਬੇਮੁਖ ਹੋ ਜਾਵੇ, ਸਚਖੰਡ ਵਿਚ ਨਾ ਜਾ ਸਕੇ?"

ਇਹ ਮਾਈ ਦਰਬਾਰ ਸਾਹਿਬ ਨੂੰ ਮੰਦਰ ਜਾਣਕੇ ਨਹੀਂ ਜਾ ਰਹੀ ਸੀ, ਪਰ ਉਥੇ ਭਰੇ ਆਤਮ ਰਸ ਦੀ ਭੰਵਰ ਹੋਕੇ ਲਿਵਲੀਨ ਹੋਣ ਜਾ ਰਹੀ ਸੀ। ਪਿਆਰ ਨਾਲ ਮੁਕਾਬਲਾ ਕਰੋ ਤਾਂ ਅੰਮ੍ਰਿਤਸਰ ਨੂੰ ਛੱਡਕੇ ਬਿਨਾਂ ਕਿਸੀ ਖੋਹ ਦੇ, ਬਿਨਾਂ ਕਿਸੀ ਡੋਬ ਦੇ, ਗ਼ੋਤੇ ਦੇ, ਅੱਗੇ ਪਿਛੇ ਗੱਡੀ ਗੱਡੇ ਵਿਚ ਬੈਠੇ ਅਸੀਂ ਚਲੇ ਜਾਂਦੇ ਹਾਂ। ਗੁਰੂ ਦਾ ਪਿਆਰ, ਦਰਬਾਰ ਸਾਹਿਬ ਦੀ ਭਗਤੀ ਸਾਡੇ ਸ਼ਬਦਾਂ ਦੇ ਖਾਲੀ ਜੈਕਾਰਿਆਂ ਤੇ ਘੁਣ ਖਾਧੀਆਂ ਅਰਦਾਸਾਂ ਤਕ ਹੈ। ਸਾਡਾ ਅਸਲੀ ਪਿਆਰ ਸੁੱਕੀਆਂ ਇਟਾਂ ਨੂੰ ਸਿੱਖ ਭਰਾ ਆਖ ਆਖ ਕੇ ਗਲੇ ਲਾਉਣ ਦਾ ਪਿਆਰ ਹੈ। ਆਪਣੀ ਅਕਲ ਦੀ ਨੀਂਹ ਤੇ ਨਵੀਂ ਇਕ ਕੌਮ ਸੁਰਜੀਤ ਕਰਨ ਦਾ ਇਕ ਭੂਤ ਸਿਰ ਤੇ ਚੜ੍ਹ ਰਿਹਾ ਹੈ। ਅਕਲ ਪ੍ਰਧਾਨ ਹੈ। ਮਨਮੁਖਤਾ ਪੀਰ ਹੈ ਤੇ ਸਭ ਥੀਂ ਵੱਧ ਹਾਸੇ ਦੀ ਗੱਲ ਇਹ ਹੈ ਕਿ ਅਸਾਂ ਸਾਰਿਆਂ ਨੂੰ ਆਪਣੀ ਅਕਲ ਦੇ ਬਣਾਏ ਬੁੱਤਾਂ ਦੇ ਪਿਆਰ ਭਗਤੀ ਤੇ ਧਿਆਨ ਦੇ ਨਾਨਾ ਰੰਗ ਸਿੱਖ ਦਿੱਸ ਰਹੀ ਹੈ। ਭਾਈ ਗੁਰਦਾਸ ਦੀ ਆਵਾਜ਼ ਦੀ ਥਾਂਵੇਂ ਅੱਜ ਅਣਜਾਣ ਮੁੰਡੇ ਪ੍ਰਧਾਨ ਹਨ ਹਰ ਕੋਈ ਆਪਣੀ ਅਕਲ ਨੂੰ ਅਮਲੀ ਤਰ੍ਹਾਂ ਸਭ ਥੀਂ ਵੱਡਾ ਗਿਣ ਰਿਹਾ ਹੈ। ਧਰਮ ਪਰ ਅਸੀਂ ਖੜੇ ਹੋਣ ਦੀ ਥਾਂ ਧਰਮ ਨੂੰ ਆਪਣੀ ਅਕਲ ਦੀ ਚੁੰਝ ਪਰ ਠਹਿਰਾਉਣ ਦੀ ਕਰ ਰਹੇ ਹਾਂ। ਮੈਂ ਇਸ ਗੱਲ ਦੇ ਕਹਿਣ ਵਿਚ ਬਿਲਕੁਲ ਮਾਫੀ ਨਹੀਂ ਮੰਗਦਾ ਕਿ 'ਸਿੰਘਾਂ' ਦੇ ਅੱਜ ਕਲ ਦੇ ਨਿੰਦਾ ਤੇ ਦਲੀਲਬਾਜ਼ੀ ਤੇ ਆਪਣੀ ਅਕਲ ਦੀ ਸਿਖੀ ਤੇ ਭਰੋਸੇ ਥੀਂ ਸਾਫ ਲੱਭਦਾ ਹੈ ਕਿ ਅਸਾਂ ਉਪਰ ਅਜ

ਕਲ ਓਸ ਨੀਚਤਾ ਦੀ ਜਿੱਤ ਹੋ ਚੁਕੀ ਜਾਪਦੀ ਹੈ, ਜਿਸ ਦਾ ਨਾਂ ਲੈਣ ਤੇ ਰੂਹ ਨਹੀਂ ਕਰਦੀ। ਜੇ ਇਹ ਹਾਲ ਰਿਹਾ ਤੇ ਅਸੀਂ ਨਾ ਸੰਭਲੇ, ਤਦ ਜਾਣੋ ਅਸੀਂ ਮੋਏ, ਬੇਹੋਸ਼ ਹੋਏ, ਔਜ ਬੀ ਨਹੀਂ ਤੇ ਕੱਲ੍ਹ ਬੀ ਨਹੀਂ।

ਸਿਖ ਦਾ ਦਿਲ ਤਾਂ ਆਤਮਿਕ ਸੁਹਣਪ ਦਾ ਭੁੱਖਾ ਹੈ ਤੇ ਓਸ ਦੀ ਭੁੱਖ ਅਨੰਤ ਹੈ। ਸਾਰੀ ਕੁਦਰਤ ਤੇ ਓਸ ਦੀਆਂ ਸਾਰੀਆਂ ਸੁਹਣੀਆਂ ਮੂਰਤਾਂ ਓਸ ਨੂੰ ਰਿਝਾ ਨਹੀਂ ਸਕਦੀਆਂ। ਹੇ ਵੀਰੋ ! ਦਰਬਾਰ ਸਾਹਿਬ ਅਦਬ ਨਾਲ ਆਓ, ਆਤਮ ਰੰਗ ਮਾਣੋ। ਹੁਣ ਵਾਲੀ ਅਭਗਤ ਤੇ ਅਰਿਧਕ ਯਾਤ੍ਰਾ ਦਾ ਤਯਾਗ ਕਰੋ। ਬਾਜ਼ਾਂ ਵਾਲੇ ਮਾਲਕ ਦਾ ਇਹ ਮੰਦਰ ਹੈ। ਇਥੇ ਓਸ ਦੀ ਲੋ ਹੈ, ਇਹ ਤੁਸਾਡੀ ਤ੍ਵਾਰੀਖੀ ਅਮਰ ਦੁਨੀਆ ਹੈ। ਸਾਡੀ ਮਾਲੀ ਗ਼ਰੀਬੀ ਅਥਵਾ ਆਤਮਿਕ ਬੇਹੋਸ਼ੀ ਕਰਕੇ ਜੋ ਗੁਰਦੁਆਰਾ ਸਮਾਇਆ ਓਹ ਹਰੀ ਮੰਦਰ ਆਇਆ। ਜਦ ਕਦੀ ਅਨੰਦਪੁਰ ਸਾਹਿਬ ਦੀ ਕੋਈ ਇਟ ਗਿਰੀ ਓਹ ਇਥੇ ਆਣ ਲੱਗੀ, ਜਦ ਕਦੀ ਸਤਿਗੁਰਾਂ ਦੇ ਚਰਨ ਰਜ ਦੀ ਪਵਿਤ੍ਰ ਧਰਤੀ ਲੋਪ ਹੋਈ, ਓਹ ਇਸ ਹਰੀ ਮੰਦਰ ਵਿਚ ਆਣ ਪ੍ਰਗਟੀ, ਸਾਡਾ ਸਭ ਕੁਛ ਜੋ ਗੁੰਮ ਹੋ ਜਾਵੇ ਤਦ ਇਥੇ ਮਿਲ ਪਵੇਗਾ। ਹਾਂ ਜੀ ਇਥੋਂ ਤਕ ਕਿ ਸਤਿਗੁਰਾਂ ਦਸ ਜਾਮੇ ਜਿਹੜੇ ਬਾਬਾ ਜੀ ਨੇ ਪਾਏ ਤੇ ਉਤਾਰੇ ਤੇ ਸਾਡੀ ਦ੍ਰਿਸ਼ਟੀ ਥੀਂ ਗ਼ਾਇਬ ਹੋਏ ਓਹ ਇਥੇ ਮਿਲਦੇ ਹਨ। ਸਤਿਗੁਰਾਂ ਦੀ ਨਿਤਯ ਅਵਤਾਰੀ ਦੇਹ ਦੇ ਦੀਦਾਰ ਇਥੇ ਹੁੰਦੇ ਹਨ।

ਇਹ ਸਾਡਾ ਵਤਨ ਹੈ, ਹਰੀ ਮੰਦਰ ਸਾਡਾ ਸੱਚਾ ਦੇਸ਼ ਹੈ। ਸਾਡਾ ਘਰ ਹੈ। ਕਿਸੀ ਨੂੰ ਕੌਮ ਇਕੱਠ ਦੀ ਖੁਸ਼ੀ, ਕਿਸੀ ਨੂੰ ਮੁਲਕਗੀਰੀ ਦਾ ਕੰਮ, ਕਿਸੀ ਨੂੰ ਮੰਦਰ ਮਾੜੀਆਂ ਉਸਾਰਨ ਦੀ ਚਾਹ, ਧਨ ਦੇ ਅੰਬਾਰਾਂ ਦਾ ਲਾਲਚ, ਕਿਸੀ ਨੂੰ ਜ਼ਮੀਨਾਂ ਦਾ ਚਾ, ਖੇਤੀ ਦੀ ਮਲਕੀਅਤ ਦਾ ਭਰੋਸਾ, ਕਿਸੀ ਨੂੰ ਹੁਕਮ ਦਾ ਨਸ਼ਾ, ਪਰ ਸਾਡਾ ਸਭ ਕੁਛ ਇਹ ਹਰੀ ਮੰਦਰ, ਇਸ ਵਿਚ ਵਸਦੇ ਪ੍ਰਭਾਵ ਦੇ ਅਸੀਂ ਭੌਰੇ। ਬੱਸ ਇਹੋ ਸਾਡੀ ਆਤਮ ਜਾਇਦਾਦ, ਸਭ ਦੀ ਇਕੱਠੀ, ਸਾਂਝੀ ਤੇ ਮੁੜ ਮੁੜ ਆਪਣੀ; ਬਸ ਅਸੀਂ ਇਸ ਨਿੱਕੀ ਜਿੰਦ ਦੀ ਟੁਕੜੀ ਕਰਕੇ ਅਮੀਰ ਫਕੀਰ, ਸਾਡਾ ਲੋਕ ਪ੍ਰਲੋਕ ਏਹਾ, ਸਾਡੀ ਕੌਮ ਇਹ, ਸਾਡਾ ਦਿਲ ਇਹ।

ਹਰਿਮੰਦਰ ਦਾ ਪਿਆਰ, ਹਰਿਮੰਦਰ ਦੇ ਆਤਮਕ ਝੰਡੇ ਦੀ ਮਾਨਸਕ ਤਾਬੇਦਾਰੀ, ਇਹ ਸਾਡਾ ਰਾਹ, ਜਪ, ਪਾਠ ਪੂਜਾ, ਤੇ ਵਾਹਿਗੁਰੂ ਵਾਹਿਗੁਰੂ ਕਰਨਾ ਇਹ ਸਾਡਾ ਜੀਵਨ ਮਨੋਰਥ। ਪੰਛੀ ਨਾ ਕਿਸੀ ਦੇ ਵੈਰੀ ਤੇ ਨਾ ਕਿਸੇ ਦੇ ਮਿਤ੍ਰ, ਕਣਕ ਦੇ ਦਾਣੇ ਸਾਡਾ ਖਾਣਾ ਹੈ ਤੇ ਹਰੀ ਕੀਰਤਨ, ਨੇਕ ਕਿਰਤ, ਸ਼ੁਕਰ, ਨਿਰਵੈਰ, ਨਿਰਮੋਹ, ਸਭ ਦੀ ਸੇਵਾ ਇਹ ਸਾਡੀ ਦਿਨ ਚਰਿਯਾ। ਕਲਗੀਆਂ ਵਾਲੇ ਦੇ ਗਗਨ ਵਿਚ ਦਿਨ ਰਾਤ ਉਡਾਰੀ, ਇਹ ਸਾਡਾ ਚਾਅ, ਅਹੰਕਾਰ, ਕੌਮੀਅਤ। ਬਾਕੀ ਇਨ੍ਹਾਂ ਆਦਰਸ਼ਾਂ ਥੀਂ ਛੁੱਟ ਸਾਡੇ ਲਈ ਸਭ ਕੂੜ। ਇਹ ਅਵਸਤੂ ਸਚੀ ਤੇ ਮਾਯਾ ਆਛਾਦਿਤ ਮਨ ਦੀਆਂ ਮੰਨੀਆਂ ਠੋਸ ਵਸਤੂ ਸਭ ਕੂੜ, ਅਵਸਤੂ।

## ਸਾਡੀ ਇਸ ਵਤਨ ਪਰ ਇਕ ਪਰਖੀ ਅੱਖ

ਇਹ ਵਤਨ ਸਾਡਾ ਸੁਹਣਪ ਦੀ ਡਲੀ ਹੈ, ਇਹ ਸਾਡਾ ਜੀਵਨ-ਕਿਰਨਾਂ ਦਾ ਕੇਂਦਰ ਹੈ, ਇਥੋਂ ਸਾਨੂੰ ਰੌਸ਼ਨੀ ਤੇ ਜੀਵਨ ਆਉਂਦਾ ਹੈ, ਸਾਡਾ ਸੂਰਜ ਹੈ। ਇਥੇ ਸਦਾ ਬਸੰਤ ਹੈ, ਇਥੇ ਸਦਾ ਰਾਗ ਰੰਗ ਹੈ, ਲੀਲਾ ਖੁਲ੍ਹ। ਅਨੰਤ ਗਗਨ ਸਾਡੀ ਛੱਤ ਹੈ, ਦਿਨ ਨੂੰ ਸੂਰਜ ਦੀ ਜੋਤਿ ਜਗਦੀ ਹੈ, ਰਾਤ ਨੂੰ ਤਾਰਿਆਂ ਦੀ ਛਾਇਆ, ਹਰੀ ਮੰਦਰ ਦਾ ਛਤਰ ਆਕਾਸ਼, ਸੁਰਤ ਦੇ ਪਾਰਖੀ ਇਥੇ ਜੀਵਨ ਸ੍ਵਾਸ ਪ੍ਰਾਪਤ ਕਰਦੇ ਹਨ। ਦੁਨੀਆਂ ਦਾ ਕੋਈ ਅਸਥਾਨ ਐਸਾ ਨਹੀਂ ਜਿਥੇ ਆਤਮ ਸੱਤਾ ਇਲਾਹੀ ਜ਼ਿੰਦਗੀ ਦੀ ਰੌ ਇਸ ਜ਼ੋਰ ਨਾਲ ਚਲਦੀ ਹੋਵੇ। ਟੁੱਟੀਆਂ ਸੁਰਤਾਂ ਇਥੇ ਆਉਂਦਿਆਂ ਸਾਰ ਗੰਢੀਆਂ ਜਾਂਦੀਆਂ ਹਨ, ਇਥੋਂ ਨਾਮ ਰਸੀਏ ਜ਼ਿਕਰ ਵਾਲੇ ਫਕੀਰਾਂ ਨੂੰ ਓਹ ਮਦਦ ਮਿਲਦੀ ਹੈ ਜਿਹੜੀ ਸਾਡੀ ਸਮਝ ਥੀਂ ਉਪਰ ਦੇ ਰੰਗ ਹਨ। ਕ੍ਰਿਸ਼ਨ ਤੇ ਈਸਾ ਵਿਚ ਡੁੱਬੀਆਂ ਸੁਰਤਾਂ ਵਾਲੇ ਫਨਾਹ ਫਕੀਰ ਕਲਗੀਆਂ ਵਾਲੇ ਦੇ ਰੂਪ ਨੂੰ ਦੇਖਕੇ ਇਥੇ ਇਕ ਨਵੀਂ ਜਾਨ ਨੂੰ ਪ੍ਰਾਪਤ ਕਰਦੇ ਹਨ। ਜ਼ਿੰਦਗੀ ਦਾ ਨਵਾ-ਪਨ ਨਿਖਰਦਾ ਹੈ। ਕਿਆ ਮੁਸਲਮਾਨ, ਕਿਆ ਸਿਖ, ਕਿਆ ਹਿੰਦੂ, ਸ਼ਰਤੀਆ ਫਕੀਰ ਹੋਵੇ ਸਹੀ, ਓਹ ਦਰਬਾਰ ਸਾਹਿਬ ਦੀ ਮਹਿਮਾਂ ਨੂੰ ਜ਼ਰੂਰ ਅਨੁਭਵ ਕਰਦਾ ਹੈ। ਕੋਈ ਰੱਬ ਦਾ ਪਿਆਰਾ ਭਾਵੇਂ ਕਿਸੇ ਮਤ ਦਾ ਹੋਵੇ, ਇਸ ਜੋਤਿ ਅਗੇ ਆਪਣਾ ਸੀਸ ਜ਼ਰੂਰ ਨਿਵਾਂਦਾ ਹੈ। ਜੇ

ਕਦੀ ਕੋਈ ਪਾਰਖੀ ਝਾਕੀ ਪਾ ਲਵੇ ਤਦ ਇਸ ਸਚਖੰਡ ਦੇ ਟੁਕੜੇ ਵਿਚ ਦੁਲੀਆਂ ਦੇ ਦੁੱਖ ਭੁੱਲ ਜਾਂਦੇ ਹਨ ਤੇ ਅੰਨ੍ਹੇ ਮਨੁੱਖ ਸਤਿਗੁਰ ਦੀ ਮਿਹਰ ਨੂੰ ਆਪਣੇ ਸਥੂਲ ਹਥਾਂ ਅਰ ਸਰੀਰ ਕਰਕੇ ਅਨੁਭਵ ਕਰਦੇ ਹਨ। ਸੁਰਤ ਦੇ ਉੱਚ ਪਾਰਖੀਆਂ ਥੀਂ ਛੁੱਟ ਜੇ ਕਦੀ ਕੋਈ 'ਆਰਟ' (ਕੋਮਲ ਹੁਨਰ) ਪਾਰਖੀ ਧਿਆਨ ਦੁਆਰਾ ਦੇਖੇ ਤੇ ਆਪਣੇ ਰੂਹ ਦੀ ਇਕ ਸੁਰਤ ਵਿਚ ਲੀਨ ਹੋਕੇ ਕੁਝ ਦਿਨ ਚਿਤੋਂ ਹਰਿਮੰਦਰ ਦੇ ਰੂਪ ਅਨੂਪ ਨੂੰ ਦੇਖਣ ਵਿਚ ਖਰਚ ਕਰੇ, ਤਦ ਉਹ ਪਤਾ ਦੇ ਸਕੇਗਾ ਕਿ ਇਹ ਸਭ ਕਿਸੇ ਦੀ ਪੂਜਾ ਦਾ ਸਥਾਨ ਹੈ। ਦੇਖੋ, ਸਤਿਗੁਰਾਂ ਪਾਸ ਕਿੰਨੀ ਅਨੰਤ ਸਮਗਰੀ ਸੀ, ਜਿਸ ਨਾਲ ਇਹ ਨਿੱਕਾ ਜਿਹਾ ਮੰਦਰ ਬਣਾਇਆ। ਅਨੰਤ ਸੁੰਦਰਤਾ ਨਾਲ ਇਕ ਛੋਟਾ ਜਿਹਾ ਧਰਤੀ ਦਾ ਟੁਕੜਾ ਸਜਾਣਾ ਹੀ ਕੇਵਲ ਹੁਨਰ ਦੀ ਅਮਰੀ ਪੂਰਣਤਾ ਹੈ। ਅਕਾਸ਼, ਧਰਤੀ, ਸੂਰਜ, ਚੰਨ, ਤਾਰੇ, ਜਲ, ਸਮੁੰਦਰ, ਪਹਾੜ, ਨਦੀ, ਹਵਾ, ਰਾਗ, ਰਸ, ਭਜਨ, ਭਗਤੀ, ਪਿਆਰ, ਹਰਿਨਾਮ, ਤੀਰਥ, ਯਾਤ੍ਰਾ, ਮੰਦਰ, ਪੂਜਾ, ਅਨੰਤ ਭਾਵ, ਪਿਆਰ ਦੇ ਰੰਗ, ਰਸ ਦੇ ਦਰਜੇ, ਦੇਵੀ, ਦੇਵਤੇ, ਫਕੀਰ, ਧਰਮ, ਮਿਲਤ, ਮਿੱਠਤ; ਭੀੜਾ, ਮੇਲਾ, ਸੁਰਤ ਦੀਆਂ ਲੋੜਾਂ ਦੀਆਂ ਪੂਰਤੀਆਂ, ਜੀਵਨ, ਮੌਤ, ਦਿਨ, ਰਾਤ, ਦੁਪਹਿਰ; ਅੰਮ੍ਰਿਤ ਵੇਲਾ, ਲੋਕ ਪ੍ਰਲੋਕ, ਆਪਣੇ ਭਗਤਾਂ ਲਈ ਛੁਪ, ਪ੍ਰਗਟ ਤੇ ਅਪ੍ਰਗਟ, ਗੁਪਤ ਅਦ੍ਰਿਸ਼ਟ ਦਰਸ਼ਨ ਤੇ ਅਦਰਸ਼ਨ, ਬਿਰਹਾ ਦੀ ਤਪਤ, ਤੇ ਦਰਸ਼ਨ ਦੀ ਠੰਢ, ਤੇ ਅਕਾਲ ਪੁਰਖ ਦੀ ਅਮੂਰਤ ਮੂਰਤੀ ਤੇ ਮੂਰਤ ਅਮੂਰਤੀ ਤੇ ਇਹੋ ਜਿਹੀਆਂ ਹੋਰ ਅਣਗਿਣਤ ਚੀਜ਼ਾਂ ਕਿਸ ਦਿਵਯ ਰਸ ਨਾਲ, ਕਿਸ ਮਾਲਕ ਬੁੱਧੀ ਨਾਲ, ਇਸ ਹਰਿਮੰਦਰ ਦੀ ਅਨੂਪ ਰਚਨਾ ਵਿਚ ਆਣ ਜਵਾਹਰਾਂ ਵਾਂਗ ਜੜੀਆਂ ਹਨ। ਅਦ੍ਰਿਸ਼ਟ ਨੂੰ ਦ੍ਰਿਸ਼ਟਮਾਨ ਕਰ ਦਿਤਾ ਤੇ ਦ੍ਰਿਸ਼ਟਮਾਨ ਨੂੰ ਸੁਫਨੇ ਦੇ ਰੰਗ ਦੇ ਕੇ ਅਦ੍ਰਿਸ਼ਟ ਵਤ ਕਰ ਦਿਤਾ ਹੈ। ਜਗਤ ਭਰ ਲਈ ਇਕ ਚਿਟੀ ਚਮਕਦੀ ਨੂਰ ਦੀ ਖਿੱਟੀ ਬਣਾਕੇ ਧਰੀ ਹੈ। ਇਹ 'ਹਰਿਨਾਮ' ਬਣਾ ਕਿੰਞ ਸਾਡੀ ਸੁਰਤ ਵਿਚੋਂ ਤੇ ਸਾਡੀ ਸੁਰਤ ਇਸ ਵਿਚੋਂ ਲੰਘਾਈ ਹੈ।

ਸੁਖ ਦੀ ਛਹਿਬਰ ਲਗੀ ਹੈ, ਅੰਮ੍ਰਿਤ ਦੀ ਵਰਖਾ ਲਗੀ ਹੈ, ਸ਼ਾਂਤਿ ਸਤੋਗੁਣ ਸਰੋਵਰ ਭਰਿਆ ਹੈ, ਕਿੰਨੀ ਭੀੜ ਆਵੇ ਭੀੜ ਨਹੀਂ

ਹੁੰਦੀ। ਜਲ ਕਿਸ ਤਰ੍ਹਾਂ ਕਿੰਨੀ ਥਾਂ ਮੱਲਕੇ ਆਪਣੀ ਸਹਸਰ ਬਾਂਹ ਪਸਾਰਕੇ ਰਾਖੀ ਕਰ ਰਿਹਾ ਹੈ ਤੇ ਓਨੀ ਸਰੋਵਰ ਵਾਲੀ ਥਾਂ ਸਦਾ ਖੁੱਲੀ ਰਹਿੰਦੀ ਹੈ, ਜਿਸ ਵਿਚ ਭੀੜਾਂ ਸੁੱਛ ਸੁਆਸ ਲੈ ਸਕਦੀਆਂ ਹਨ। ਚੌਵੀ ਘੰਟੇ ਦਿਨ ਰਾਤ ਦੇ ਕਿਸ ਪੂਰਣ ਪਿਆਰ ਨਾਲ ਰੱਬ ਦੇ ਨਾਮ ਵਿਚ ਪ੍ਰੋਤੇ ਧਰੇ ਹਨ। ਹੋਰਨਾਂ ਦੇਸਾਂ ਵਿਚ ਰਾਤ ਪੈਂਦੀ ਹੈ ਇਥੇ ਸਦਾ ਦਿਨ ਹੈ, ਸਦਾ ਕੀਰਤਨ ਹੈ, ਸੋਹਲੇ ਹਨ, ਕੁਦਰਤ ਦਾ ਸਾਰਾ ਆਵਾਜ਼ ਭਰਿਆ ਹੋਇਆ ਹੈ। ਇਹ ਗੂੰਜ ਤੇ ਇਸ ਦੀ ਪ੍ਰਤਿਧੁਨੀ ਕਦੀ ਬੰਦ ਨਹੀਂ ਹੁੰਦੀ। ਅਕਾਸ਼ ਸੂਰਜ ਚੰਦ ਤਾਰਿਆਂ ਦੇ ਪ੍ਰਕਾਸ਼ ਤੇ ਸਵੇਰ ਅਰ ਸ਼ਾਮ ਦੇ ਅਨੇਕ ਰੰਗਾਂ ਨਾਲ ਕਿਹਾ ਅਦਭੁਤ ਸੰਜੋਗ ਕੀਤਾ ਹੈ ਕਿ ਦਰਬਾਰ ਸਾਹਿਬ ਦਾ ਰੂਪ ਹਰ ਘੜੀ ਨਵਾਂ ਹੈ। ਕੁਦਰਤ ਦੀ ਨੌਰੰਗੀ ਦਾ ਹਰਿਮੰਦਰ ਤੇ ਅਸਰ ਤੇ ਹਰਿਮੰਦਰ ਦਾ ਕੁਦਰਤ ਉਪਰ ਪ੍ਰਤੀ ਅਸਰ ਤੇ ਦੋਹਾਂ ਦੇ ਸੰਜੋਗੀ ਮੇਲੇ ਦੀ ਸ਼ੋਭਾ ਹਰ ਵੇਲੇ ਇਕ ਨਵੀਂ ਆਤਮਕ ਰੁੱਤ ਤੇ ਅਕਹਿ ਰਸ ਪੈਦਾ ਕਰਦੇ ਹਨ। ਕਦੀ ਚੰਨ ਦੀ ਫੁਹਾਰ ਤੇ ਆਪ ਜੀ ਦਾ ਸੁਨਹਿਰੀ ਕਲਸ ਤੇ ਚਿਟਾ ਗੋਰਾ ਸਰੀਰ ਤੇ ਓਹ ਉਹਨਾਂ ਦਾ ਜਲ ਵਿਚ ਖਲੋਕੇ ਇਸ਼ਨਾਨ, ਕਦੀ ਤਾਰਿਆਂ ਦੀ ਛਾਂ, ਸ਼ਾਮਾਂ ਦੀ ਸਿਆਹੀ ਤੇ ਸੁਫਨੇ ਵਾਂਗ ਆਪ ਦੀ ਅਦਭੁਤ ਮਿਸੀ ਮਿਸੀ ਝਾਕੀ, ਕਦੀ ਬਰਫ ਪੈਂਦੀ ਹੈ ਤੇ ਕਦੀ ਜਦ ਸੂਰਜ ਪੱਛਮ ਨੂੰ ਜਾਂਦਾ ਹੈ ਅੱਗ ਦੇ ਉੱਚੇ ਲੰਮੇ ਲਾਲ ਭਬਕਦੇ ਸ਼ੁਅਲੇ ਬਲਦੇ ਦਿੱਸਦੇ ਹਨ। ਸਿਆਲੇ ਵਿਚ ਗਰਮੀ ਦੀ ਰੁਤ ਤੇ ਗਰਮੀ ਵਿਚ ਸਿਆਲ ਦੀ ਰੁਤ ਇਥੇ ਮਿਲਦੀ ਹੈ। ਤੇ ਰੱਬ ਦੇ ਨਾਮ ਨਾਲ ਭਰਿਆ ਮੰਦਰ ਦਾ ਸਿਰ ਦੇਖੋ ਨਾ ! ਨਾਂ ਨਿਵੇਂ ਪੂਰਬ, ਨਾ ਪੱਛਮ ਦਿਸ਼ਾ ਨੂੰ, ਨਾ ਉੱਤਰ ਤੇ ਨਾ ਦੱਖਣ ਦਿਸ਼ਾ ਨੂੰ, ਬੱਸ ਅਕਾਸ਼ ਵੱਲ ਰੱਬ ਦੇ ਨਾਮ ਨਾਲ ਸਿਧਾ ਨਿਸ਼ਾਨ ਕਰਦਾ ਹੈ ਤੇ ਰੱਬ ਦੇ ਅਰਸ਼ ਵੱਲ ਉਚਾਈ ਵੱਲ ਧਿਆਨ ਖਿਚਦਾ ਹੈ ਤੇ ਇਸ ਸਿਧਾਂਤ ਦੀ ਤਸਵੀਰ ਖਿੱਚੀ ਧਰੀ ਹੈ ਕਿ ਇਕ ਵਾਹਿਗੁਰੂ ਸਤਿਨਾਮ ਰੱਬ ਸੱਚਾ, ਹੋਰ ਕੁਛ ਸੱਚਾ ਨਹੀਂ। ਸਭ ਸਿੱਮਤਾਂ ਹਰਿਮੰਦਰ ਦੀਆਂ ਥੰਮ੍ਹ ਰੂਪ ਹਨ, ਕੋਨੇ ਹਨ। ਕੋਈ ਸਿੱਮਤ ਭਾਰੀ ਹਲਕੀ ਨਹੀਂ, ਕੋਈ ਖਾਸ ਸਿੱਮਤ ਰਬ ਦਾ ਨਿਵਾਸ ਨਹੀਂ। ਇਹ ਹਰਿਮੰਦਰ ਦੇ ਸੱਭੇ ਤਰਫ ਦਰਵਾਜ਼ੇ ਖੁੱਲ੍ਹੇ ਹਨ। ਮੱਕਾ ਫਿਰਦਾ

ਇਥੇ ਦਿਸ ਰਿਹਾ ਹੈ, ਮੁਨਾਰੇ ਬਾਗ਼ ਦੇ ਨਾਲ ਖੜੇ ਹਨ ਤੇ ਬਾਬਾ ਅਟੱਲ ਦੇ ਮੀਨਾਰ ਦੀ ਉਚਾਈ ਦਿੱਲ ਨੂੰ ਖਿੱਚਕੇ ਕਿੰਨਾ ਉੱਚਾ ਕਰ ਦੇਂਦੀ ਹੈ। ਇਮਾਰਤ ਕੀਹ ਹੈ, ਸੁੰਦਰਤਾ, ਸੁਹਣਪ ਤੇ ਰੱਬੀ ਸ਼ਾਨ ਦਾ ਮੇਲਵੇਂ ਅਸਰ ਦਾ ਜੜਾਊ ਕੰਮ ਹੈ। ਦੇਵੀ ਦੇਵਤਿਆਂ ਦਾ ਆਗਮਨ ਤੇ ਰਹਿਣ ਦਾ ਸਥਾਨ ਹੈ।

ਇਹ ਸਰੋਵਰ ਸਤਿਗੁਰਾਂ ਨੇ ਆਪਣੀ ਹੱਥੀਂ ਤੇ ਸਤਿਗੁਰਾਂ ਦੇ ਪੁਰਾਣੇ ਸਿਖਾਂ ਨੇ ਖੋਦਿਆ ਹੈ, ਇਸ ਦੀ 'ਰੱਬ ਨਿਮਤੀ' ਅਨੰਤ ਹੈ। ਇਸ ਦਾ ਆਪਾ ਵਾਰਨ ਦਾ ਬਲ ਅਨੰਤ ਹੈ, ਇਥੇ ਸਹਸਰ ਗੁਰਮੁਖਾਂ ਦੇ ਸੀਸ ਚੜ੍ਹੇ, ਪੱਤਾ ਪੱਤਾ, ਜ਼ੱਰਾ ਜ਼ੱਰਾ ਇਥੇ ਭਾਵਾਂ ਨਾਲ ਭਰਿਆ ਪਿਆ ਹੈ, ਇਥੇ ਅਣਗਿਣਤ ਅਨਾਮ ਅਣਪਛਾਤੇ ਆਲੀ ਜਾਹ ਤੇ ਆਲੀ ਨਿਸ਼ਾਨ ਸਿਖਾਂ ਸਿਖਣੀਆਂ ਦੇ ਇਲਾਹੀ ਇਸ਼ਕ ਦੀਆਂ ਭਰੀਆਂ ਰੂਹਾਂ ਨੂੰ ਕੰਬਾਉਣ ਵਾਲੀਆਂ, ਜਿਗਰ ਚੀਰਵੀਆਂ, ਚੁਪ ਕੂਕਦੀਆਂ ਨਜ਼ਰਾਂ ਅਸਾਂ ਵੱਲ ਤਕ ਰਹੀਆਂ ਹਨ। ਸਾਰੀ ਲੋਪ ਹੋਈ ਸਿਖ ਤਵਾਰੀਖ, ਹਾਂ ਜੀ, ਸਾਧਾਰਣ ਗ਼ਰੀਬ, ਅਮਾਣੇ ਅਜਾਣੇ ਸਿਖਾਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੇ ਪਾਲੇ ਪਿਆਰੇ ਜੀਵਨ ਇਸ ਸਰੋਵਰ ਦੇ ਜਲ ਵਿਚ ਘੁਲੇ ਪਏ ਹਨ। ਗੁਜ਼ਰਿਆ ਜ਼ਮਾਨਾ ਜਦ ਤਕ ਸਾਡੀ ਰੂਹ ਵਿਚ ਅਨੁਭਵ ਦਵਾਰਾ ਪ੍ਰਤੱਖ ਨਾ ਹੋਵੇ ਤਾਂ ਕੌਣ ਬਪੁੜੀ ਲੇਖਣੀ ਇਤਿਹਾਸ ਲਿਖ ਸਕਦੀ ਹੈ, ਮੋਟੇ ਮੋਟੇ ਹਵਾਲੇ ਇਤਿਹਾਸ ਵਿਚ ਲਿਖੀਆਂ ਗੱਲਾਂ ਅਜੇ ਚੰਗੀ ਤਰ੍ਹਾਂ ਲਿਖੀਆਂ ਹੋਵਣ ਤਾਂ, ਨਿਰੀਆਂ ਸੇਧਾਂ ਹਨ। ਦਸਾਂ ਪਾਤਸ਼ਾਹੀਆਂ ਦਾ ਜੀਵਨ ਚਰਿਤ੍ਰ ਗੁਰਮੁਖ ਸਿਖ ਹੈ ਤੇ ਗੁਰਮੁਖ ਸਿਖ ਦੀ ਸੁਰਤਿ ਤੇ ਇਤਿਹਾਸ ਦਾ ਵਿਸਤਾਰ ਸਿੱਖ ਤਵਾਰੀਖ ਹੈ ਤੇ ਇਸ ਤਰ੍ਹਾਂ ਦਾ ਇਹ ਬੀਜ ਰੂਪ ਸੰਕੋਚ ਤੇ ਮੁੜ ਭੂਤ ਭਵਿਖਤ ਦੇ ਸਿਖ ਜੀਵਨ ਅਥਵਾ ਇਤਿਹਾਸ ਦਾ ਬ੍ਰਿਛ ਰੂਪ ਵਿਸਤਾਰ ਇਹ ਹਰਿਮੰਦਰ ਹੈ। ਹਜ਼ਾਰਾਂ ਭੀੜਾਂ ਲੰਘ ਜਾਂਦੀਆਂ ਹਨ, ਕਈ ਮੇਲੇ ਹੁੰਦੇ ਹਨ, ਦਿਨ ਰਾਤ ਮੇਲਾ ਹੁੰਦਾ ਹੈ, ਪਰ ਹਰਿਮੰਦਰ ਇਤਨਾ ਮਹਾਨ ਤੇ ਨਾਜ਼ਕ ਚੁੰਬਕ ਪੱਥਰ ਹੈ ਕਿ ਇਸ ਦੇ ਸਰੀਰ ਨਾਲ ਕੇਵਲ ਸਿੱਖ ਹਿਰਦੇ ਪਿਆਰ ਨਾਲ ਚਿਮਟੇ ਜਾਂਦੇ ਹਨ, ਬਾਕੀ ਰੇਤ ਦੇ ਕਿਣਕਿਆਂ ਵਾਂਗ ਹਵਾ ਦੇ ਧੱਪੇ ਨਾਲ ਪਰੇ ਸੁੱਟੇ ਜਾਂਦੇ ਹਨ। ਕਲਗ਼ੀ ਵਾਲੇ ਬਾਬਾ ਜੀ

ਨੇ ਆਪਣੇ ਸਿੱਖ ਇਸੇ ਕਰਕੇ ਹੀ ਸਰਬ ਲੋਹ ਦੀ ਦੇਹ ਦੇ ਬਣਾ ਦਿੱਤੇ ਜੋ ਹਰਿਮੰਦਰ ਦੀ ਦੇਹ ਨਾਲ ਛੂਹ ਛੂਹ ਕੇ ਆਪ ਜੀ ਦੇ ਬੱਚੇ ਸਦਾ ਆਤਮਿਕ ਮਿਕਨਾਤੀਸ ਬਣੇ ਰਹਿਣ। ਸਦਾ ਆਤਮਿਕ ਜੀਵਨ ਦੀ ਸੂਖਮ ਸਥੂਲ ਰੌ ਨਾਲ ਭਰੇ ਰਹਿਣ। ਹਰ ਇਕ ਸਿਖ ਠੰਢਾ, ਸ਼ਾਂਤਿ, ਅਡੋਲ, ਕੀਰਤਨ ਭਰਿਆ, ਸਿਮਰਨ ਭਰਿਆ, ਹਰਿਮੰਦਰ ਦੀ ਤਸਵੀਰ ਹੋਵੇ:- ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ।।

*(ਫੁਨਹੇ ਮਹਲਾ ੫-੧੦)*

# ਸੁਧਾਸਰ ਮਹਿਮਾ

## *ਪ੍ਰਾਚੀਨ ਕਵੀਆਂ ਦੇ ਸ਼ਰਧਾ ਭਰੇ ਭਾਵ*

### *ਭਾਈ ਗਿਆਨ ਸਿੰਘ ਜੀ ਗਯਾਨੀ*

ਕਬਿੱਤ–ਸੋਲਾ ਸ਼ਤ ਬੀਸੇ, ਤ੍ਰਿਤੀ ਚੌਤੀ ਤੁਰੀ ਕਾਚਾ ਰਚਯੋ
ਸੋਲਾਂ ਸੈ ਪੈਂਤਾਲੀ ਮਾਘੀ ਮੇਖ ਦੋਨੋ ਵਰੀਆ[1]।
ਤੁਰਕ ਵਧੀਕੀ ਕੀਨੀ ਠਾਰਾਂ ਸ਼ਤ ਠਾਰਾਂ ਮਾਂਹਿ
ਠਾਰਾਂ ਸ਼ਤ ਬੀਸੇ ਬੀਚ ਫੇਰ ਨੀਵ ਧਰੀਆ।[2]
ਗੰਗਾ, ਗਇਆ, ਕਾਸ਼ੀ, ਪ੍ਰਾਗ ਨ੍ਹਾਏ ਤੇ ਦਸੂਨੋ[3] ਫਲ
ਸੁਧਾਸਰ ਤੀਰਥ ਬਨਾਯੋ ਆਪ ਹਰੀਆ।
ਸੰਮਤ ਉੱਨੀ ਸੈ ਤੇਈ ਗਯਾਨ ਸਿੰਘ ਗਾਥਾ ਵਾਰੇ
ਸ੍ਰੀ ਗੁਰ ਪ੍ਰਨਾਲੀ ਛੰਦ ਬੰਦ ਮੱਧ ਕਰੀਆ।੧।।
ਜਗਮਗ ਜੋਤਿ ਹਰਿ–ਧਾਮ ਕੀ ਬਿਰਾਜਮਾਨ
ਅਨਗਨ ਮਨਿ[4] ਕੀ ਜਟਿਤ ਛਬਿ ਭਾਰੀ ਹੈ।
ਰੁਨ ਝੁਨ ਧੁਨਿ ਰਾਗ ਰੰਗ ਕੋ ਉਮੰਗ ਨੀਤ
ਪ੍ਰੀਤਵਾਨ ਪ੍ਰੀਤ ਪੰਜ ਕਰਤ ਜੁਹਾਰੀ ਹੈ[5]।
ਝੁਕ ਝੁਕ ਆਤ, ਬੁਕ ਬੁਕ ਬਰਸਾਤ ਫੂਲ,
ਫੂਲੈ ਝੂਲੈਂ ਹੋਤ ਹੈਂ ਨਿਹਾਲ, ਅਘ ਟਾਰੀ[6] ਹੈ।

---

1. ਭਾਵ ੧੬੪੫ ਵਿਚ ਮਾਘੀ ਤੇ ਵਿਸਾਖੀ ਦੋਵੇਂ ਮਨਾਈਆਂ ਗਈਆਂ।
2. ਦੁਬਾਰਾ ਨੀਵ ਧਰੀ ਗਈ। 3. ਦਸ ਗੁਣਾ। 4. ਮਣੀਆ ਦੀ।
5. ਨਮਸਕਾਰਾਂ ਕਰਦੇ ਹਨ। 6. ਪਾਪ ਦੂਰ ਹੁੰਦੇ ਹਨ।

ਗੁਰੂ ਰਾਮਦਾਸ ਪੂਰੈ ਸਭ ਹੂੰ ਕੀ ਆਸ,
ਕਰ ਜੋਰਿ ਕਹੈ ਦਾਸ 'ਪ੍ਰਭੂ ਬੰਦਨਾ ਹਮਾਰੀ ਹੈ'।੨॥
ਜੀਵਤ[1] ਬੈਕੁੰਠ ਜਿਨ ਦੇਖਨੋ ਸੋ ਦੇਖੈ ਆਇ,
ਸੁਧਾਸਰ ਬੀਚ ਝੂਲੈ ਅੰਮ੍ਰਿਤ ਤਰੰਗ[2] ਤੇ।
ਊਹਾਂ ਹਰਿ ਧਾਮ, ਈਹਾਂ ਹੇਮ ਹਰਿ ਧਾਮ[3] ਵੈਸੋ,
ਊਹਾਂ ਹਰਿ, ਈਹਾਂ ਗੁਰੂ ਗ੍ਰੰਥ ਜੀ ਪ੍ਰਸੰਗ ਤੇ।
ਊਹਾਂ ਵੇਦ ਈਹਾਂ ਰਾਗੀ, ਅੰਮ੍ਰਿਤ ਕਰਾਹ ਈਹਾਂ,
ਚਢਤ ਖਜਾਨਾ, ਰਮਾ ਪਾਦ ਝਸੈ ਅੰਗ ਤੇ[4]।
ਪੁਹਪ ਬਿਬਾਨ ਜਾਨ ਬੁੰਗੇ ਚਾਰੋਂ ਓਰ ਬਨੇ[5],
ਇਹ ਗੁਨ ਭਾਰੀ: 'ਈਹਾਂ ਊਚ ਨੀਚ ਮੰਗਤੇ'।੩॥

ਐਸੀ ਨਾ ਅਯੁਧਯਾ, ਕਾਸ਼ੀ, ਦ੍ਵਾਰਕਾ, ਗਯਾ, ਪ੍ਰਯਾਗ,
ਮਥਰਾ, ਅਵੰਤਕਾ, ਨ ਕਾਂਚੀ,[6] ਹਰਿਦੁਆਰ ਹੈ।
ਮਟਨ, ਪਟਨ ਨਾ ਅਮਰ-ਨਾਥ, ਜਗਨ-ਨਾਥ,
ਬ੍ਰਿੰਦਾ ਬਨ, ਬੱਦ੍ਰੀ ਨਾਥ, ਐਸੋ ਨਾਂ ਕਿਦਾਰ[7] ਹੈ।
ਪੁਖਕਰ, ਕਟਾਸ, ਔ ਮਕੇਸਰ ਮਦੀਨਾ ਕਾਬਾ,
ਜੈਸੋ ਮੱਦ੍ਰ ਦੇਸ਼ ਸੁਧਾਸਰ ਗੁਰਦ੍ਵਾਰ ਹੈ।
ਆਪ ਮਹਾਂਰਾਜ ਲੈਕੇ ਟੋਕਰੀ ਨਿਕਾਸੀ ਕਾਰ
ਗੁਰੂ ਰਾਮਦਾਸ ਜੀ ਕੋ ਭਾਰੀ ਦਰਬਾਰ ਹੈ।੪॥

---

1. ਜੀਉਂਦੇ ਜੀ। 2. ਅੰਮ੍ਰਿਤ ਦੀਆਂ ਲਹਿਰਾਂ ਲਹਿਰਾ ਰਹੀਆਂ ਹਨ। 3. ਵਾਹਿਗੁਰੂ ਦਾ ਸੁਨਹਿਰੀ ਮੰਦਰ। 4. ਬੈਕੁੰਠ ਵਿਚ ਜੋ ਲੱਛਮੀ ਚਰਨ ਝੱਸ ਰਹੀ ਹੈ ਤਾਂ ਇਥੇ ਬੀ ਖਜ਼ਾਨਾ ਭੇਟਾ ਹੋ ਰਿਹਾ ਹੈ। 5. ਫੁਲਾਂ ਦੇ ਬਿਬਾਨਾਂ ਵਰਗੇ ਇਥੇ ਚੁਫੇਰੇ ਬੁੰਗੇ ਬਣੇ ਹੋਏ ਹਨ। 6. ਮਦਰਾਸ ਦੇ ਕੋਲ ਦਾ ਇਕ ਤੀਰਥ, ਜਿਸ ਨੂੰ ਹੁਣ 'ਕਾਂਜੀਵਰਮ' ਆਖਦੇ ਹਨ। ਏਹ ਸਾਰੇ ਪ੍ਰਸਿਧ ਤੇ ਮੁੱਖ ਹਿੰਦੂ ਤੀਰਥ ਗਿਣੇ ਹਨ। 7. ਕਾਮਰੂਪ ਦੇਸ਼ ਦਾ ਇਕ ਤੀਰਥ।

**ਭਾਈ ਈਸ਼ਰ ਸਿੰਘ ('ਏਸ਼ ਹਰਿ' ਛਾਪ)–**

ਪਾਪਨ ਕੀ ਨਾਸ਼ੀ, ਔ ਨਿਵਾਸੀ ਨਾਮ ਹੰ ਕੀ ਜਹਾਂ,
ਰਾਸੀ ਰਸ ਰੰਗ ਕੀ, ਉਮੰਗ ਪ੍ਰੇਮ ਸਰ ਕੇ[1]।
ਦਾਨ ਕੀ ਦਯਾ ਸੀ, ਛਲ ਛਿਦ੍ਰ ਕੀ ਛਯਾ ਸੀ[2],
ਸਤਿਸੰਗ ਕੀ ਸਤਾ ਸੀ, ਭਾਸੀ ਦੀਨ ਦੂਖੀ ਦਰਕੇ।
'ਏਸ਼-ਹਰਿ' ਨਾਸ਼ੀ ਤਮ[3], ਬੋਧ[4] ਕੀ ਪ੍ਰਕਾਸ਼ੀ ਉਰ,
ਦੇਖ ਜਮ ਹਾਸੀ ਕੋ ਕਲਾ ਸੀ ਚਿਤ ਧਰਕੇ[5]।
ਚਾਹੋਂ ਨਾਹ ਕਾਸ਼ੀ, ਤੀਨ ਤਾਪ ਕੇ ਬਿਨਾਸ਼ੀ ਭਏ,
ਰਾਖੈਂ ਮੁਕਤਿ ਦਾਸੀ ਕਰਿ ਵਾਸੀ ਸੁਧਾਸਰ ਕੇ। ੧,
ਏਥੇ ਬੀਰ ਮੇਰੇ ! ਮਨ ਹੇਰੇ ਤੂੰ ਵਿਚਾਰ ਕਰ,
ਹਾਰਯੋ ਈ. ਜਨਮ ਜਾਤ, ਤਯਾਗ਼ ਤੂੰ ਵਿਕਾਰੀ ਕੋ।
ਪ੍ਰਾਤ ਉਠ ਨੇਮ ਕਰਿ, ਆਇ ਹਰਿ ਮੰਦਰ ਮੇਂ,
ਕਰਿਕੈ ਪਯੂਖ ਨਾਨ[6] ਭਜ ਲੈ ਮੁਰਾਰੀ[7] ਕੋ।
'ਏਸ਼-ਹਰਿ' ਭਾਖੈ: ਮੀਤ ! ਭੂਲਤ ਕਿਉਂ ਬਾਰ ਬਾਰ,
ਘੋਖ ਤਜਿ ਐਸੋ ਜਿ ਨ ਦੇਤ ਫਲ ਚਾਰੀ ਕੋ[8]।
ਹਾਸੀ ਕੋ ਨ ਜਾਨ, ਉਰ ਮਾਨ, ਅਘਹਾਨ ਕੇਊ
ਤਰਿਗੇ ਤੁਰੰਤ ਦੈ ਲੈ ਸੁਧਾਸਰ ਤਾਰੀ ਕੋ।੨।।
ਏਰੇ ਮਨ ਮੇਰੇ ! ਐਸੋ ਦੇਹ ਨ ਮਿਲੈਗੋ ਫੇਰ,
ਗਾਰੈ ਕਿਉਂ ਜਨਮ ਜਾਇ ਜਾਇ ਖੋਟ ਕਰਮੈ[9]।

---

1. ਪ੍ਰੇਮ ਦੇ ਸਰੋਵਰ ਦੀਆਂ ਲਹਿਰਾਂ ਜਿੱਥੇ ਹਨ। 2. ਨਾਸ਼ ਕਰਨਹਾਰ। 3. ਅਗਯਾਨ ਅੰਨ੍ਹੇਰਾ ਕੱਟਣਹਾਰ। 4. ਗਿਆਨ। 5. ਭਾਵ ਇਥੋਂ ਦੇ ਵਾਸੀ ਯਮਰਾਜ ਨੂੰ ਵੇਖਕੇ ਹੱਸਦੇ ਹਨ ਤਾਂ ਉਸ ਦਾ ਦਿਲ ਧੜਕਦਾ ਹੈ। 6. ਅੰਮ੍ਰਿਤ ਵਿਚ ਇਸਨਾਨ। 7. ਵਾਹਿਗੁਰੂ ਨੂੰ। 8. ਵਿਕਾਰਾਂ ਦੀ ਐਸੀ ਖਚਿਤਤਾਈ ਛਡ ਦੇਹ ਜਿਹੜੀ ਚਾਰੇ ਫਲ ਨਹੀਂ ਲੈਣ ਦਿੰਦੀ। 9. ਮਾੜੇ ਕੰਮਾਂ ਵਿਚ।

ਭਾਖ ਗੁਰੂ ਗ੍ਰੰਥ, ਪੰਥ 'ਨਾਮ' ਹੀ ਬਤਾਵੈ ਸਾਰ[1]
ਕਾਟ ਲੈ ਕਲੇਸ਼ ਗਾਇ ਗਾਇਕੈਂ ਉਦਰ ਮੈਂ[2]।
'ਏਸ਼-ਹਰਿ' ਠੀਕ ਨੀਕ ਔਸਰ ਨ ਲੈਹੈਂ ਫੇਰ,
ਕਰ ਸਤਿਸੰਗ ਧਾਇ ਧਾਇ ਗੁਰੂ ਘਰ ਮੈਂ।
ਸਾਰ ਮੋਹ ਪਾਸੀ[3], ਜਮ ਹਾਸੀ ਕਰਿ ਬਾਰ ਬਾਰ,
ਮੋਖ ਕਰਿ ਦਾਸੀ ਨ੍ਹਾਇ ਨ੍ਹਾਇ ਸੁਧਾਸਰ ਮੈ।੩।।

**ਬਾਵਾ ਜੈਮਲ ਦਾਸ ('ਬਿਜੈ ਮਧ'ਛਾਪ)**

ਪੁੰਜ ਚਤੁਰਾਈ ਕੋ ਇਕੱਤ੍ਰ ਕੈ ਬਨਾਯੋ ਚੌਕ,
ਬਿਬਧ ਭਾਂਤ ਮਤਸ ਬਰਗ[4] ਕੌਨ ਗਨੈ ਨਾਮ ਹੈ[5]।
ਜਲ ਬਿਹੰਗ ਬਿਹਰੈਂ ਅਬ ਕੂੰਜਤ ਯੂੰ ਭਾਸਮਾਨ,
ਚਕਤ ਹੋਤ ਤਾਕੋ ਲਖ ਜੇਤੇ ਨਰ ਬਾਮ ਹੈ।
ਕਛਪ[6] ਕਮਨੀਯ[7] ਕੈ ਅਯਾਸ[8] ਰਚੇ ਨਾਨਾ ਗਤਿ,
ਨਿਰਖਿ ਚਿਤ੍ਰ-ਸਾਰੀ ਸੁਤ ਪੂਖਨ ਧੀ ਖਾਮ ਹੈ[9]।
ਸੋਢੀ ਪਤਿ ਐਨ ਮੋਂ ਪ੍ਰਵੇਸ਼ ਕੀਯ ਨਿਦੇਸਮਾਨ
'ਬਿਜੈ ਮਧ' ਦੇਵਨ ਗੁਰ ਪਾਦ ਦੀ ਪ੍ਰਨਾਮ ਹੈ[10]।੧।।
ਸੰਗ ਮਰਮਰ ਕੀ ਦਿਵਾਰ ਚਾਰੁ ਚਾਰ ਰਚੀ,
ਬਿਬੁਧ ਭਾਂਤਿ ਮਨਿਯਨ ਸੋਂ ਖਚਿਤ ਕਰੀ ਗਈ[11]।

---

1. ਗੁਰੂ ਗ੍ਰੰਥ ਨਾਮ ਦਾ ਸ੍ਰੇਸ਼ਟ ਮਾਰਗ ਹੀ ਦੱਸਦਾ ਹੈ। 2. ਭਾਵ ਚਿੱਤ ਵਿਚ। 3. ਮੋਹ ਦੀ ਫਾਹੀ ਨੂੰ ਸਾੜ ਲੈ। 4. ਕਈ ਤਰ੍ਹਾਂ ਦੀਆਂ ਮੱਛੀਆਂ ਚਿੱਤ੍ਰਤ ਕੀਤੀਆਂ ਹਨ। 5. ਜਲ ਜੰਤੂਆਂ ਦੀ ਚਹਿਚਹਾਹਟ ਨਰ ਨਾਰੀਆਂ ਨੂੰ ਅਚੰਭਤ ਕਰ ਰਹੀ ਹੈ। 6. ਕਛੂ ਕੂੰਮੇ। 7. ਸੁੰਦਰ। 8. ਅਨਾਯਾਸ, ਅਚਾਨਕ। 9. ਚਿੱਤ੍ਰਕਾਰੀ ਦੇਖਕੇ ਯਮਰਾਜ ਦੀ ਬੁੱਧੀ ਬੀ ਚੱਕ੍ਰਿਤ ਰਹਿ ਜਾਂਦੀ ਹੈ। (ਸੁਤ ਪੂਖਨ= ਧਰਮਰਾਜ। ਧੀ= ਬੁੱਧੀ। ਖਾਮ= ਕੱਚੀ)। 10. ਕਵੀ ਨੇ ਆਗਜਾ ਮੰਨਕੇ ਗੁਰੂ ਰਾਮਦਾਸ ਜੀ ਦੇ (ਐਨ=) ਘਰ ਵਿਚ ਪ੍ਰਵੇਸ਼ ਕੀਤਾ ਤੇ ਗੁਰੂ ਚਰਨਾਂ ਪਰ ਮੱਥਾ ਟੇਕਿਆ। 11. ਅਨੇਕ ਤਰ੍ਹਾਂ ਦੀਆਂ ਮਣੀਆਂ ਦੀ ਜੜਤਕਾਰੀ ਕੀਤੀ ਗਈ।

ਕੈਧੋ ਤੁਹਨਾਚਲ[1] ਕੈਲਾਸ਼ ਬਯੂਹ ਪੁੰਜ ਧਰੇ,
ਅਨਿਕ ਬਰਨਤਾ ਪੈ ਰਤਨਾਕਰ[2] ਧਰੀ ਗਈ।
ਊਰਧ[3] ਬਹੁ ਬਾਰੀ ਨਰ ਨਾਰੀ ਲਖਵਾਰੀ ਹੋਤ
ਪੁਸ਼ਪ ਲਤਾ[4] ਕੰਚਨ ਸੋ ਚਿੱਤ੍ਰਤ ਕਰੀ ਗਈ।
ਤ੍ਰਸ਼ਟਾ[5] ਔਰ ਮਯ[6] ਕੀ, ਸਸਿ, ਸੂਰ ਸ਼ੇਸ਼, ਸਾਰਦ ਕੀ,
'ਬਿਜੈ-ਮਧ' ਪੇਖਿ ਨਿਲਯ[7] ਸ਼ਕ੍ਰ ਧੀ[8] ਹਰੀ ਗਈ।੧।।

ਗੁੰਬਜ ਗੁਲਿਆਈ, ਮਨ ਭਾਈ, ਉਪਮਾਨ ਨਾਹਿ,
ਤਾਕੇ ਚਹੁੰ ਕੋਦ[9] ਬੁਰਜ ਬੁਰਜੀਆਂ ਬਨਾ ਦਈ।
ਜਾਂਬੂਨਦ[10] ਜਟਿਤ ਕੀਨ ਦੀਪਤ ਬਸੁ ਜਾਮ[11] ਰਹੈ,
ਆਭਾ[12] ਦਿਨ ਨਾਥ[13] ਔ ਨਿਸੇਸ਼[14] ਕੀ ਲਜਾ ਦਈ।
ਭਾਨ ਮੁਖੀ[15] ਵਿਦਮਾਨ ਰਾਜੈ ਜਨੁ ਵਿਸ਼ਨੁ ਚਕ੍ਰ,
ਜੋਊ ਸ਼ਰਨਾਗਤ ਯਮ ਪਾਸ ਤਾ[16] ਕਟਾ ਦਈ।
ਫਹਿਰਤ ਨਿਸ਼ਾਨ ਯੌ ਜਨਾਵੈ ਕਵਿ 'ਬਿਜੈ ਮਧ'
ਸੋਢੀ ਮਹਾਰਾਜ ਅਘ ਅੰਸ਼ ਜੋ ਉਠਾ ਦਈ[17]।੨।।

**ਸੰਤ ਨਿਹਾਲ ਸਿੰਘ ਜੀ ('ਸੰਤ ਖੁਸ਼ੀ ਮ੍ਰਿਗ ਰਾਜ'-ਛਾਪ)-**

ਤੀਰਥ ਕੀ ਪ੍ਰਭਾ[18] ਮਹਾਂ ਫੈਲੀ ਹੈ ਬਡੇ ਤੇ ਬਡੀ,
ਨ੍ਹਾਇਬੇ ਕੀ ਧਰੀ ਚਾਹ ਕਾਹੂੰ ਬਡਭਾਗ ਨੈ।
ਕੰਠੇ ਨ੍ਹਾਇ ਬੈਠਯੋ, ਬੈਨ ਸੰਤਨ ਕੇ ਕਾਨ ਧਰੇ,
ਪਾਯੋ ਨਿਜ ਰੂਪ, ਜਾਰਯੋ ਨਹੀ ਜਠਰਾਗਨੈ[19]।

---

1. ਹਿਮਾਲਾ ਪਰਬਤ। 2. ਸਮੁੰਦਰ। 3. ਉੱਚਾ। 4. ਫੂਲ ਵੇਲਾਂ। 5. ਵਿਸ਼ਵਕਰਮਾ, ਕਾਰੀਗਰੀ ਦਾ ਦੇਵਤਾ। 6. ਪੁਰਾਣਾਂ ਅਨੁਸਾਰ ਇਕ ਬਹੁਤ ਵਡਾ ਸ਼ਿਲਪੀ ਦੈਤ। 7. ਘਰ ਮੰਦਰ ਵੇਖਕੇ। 8. ਇੰਦ੍ਰ ਦੀ ਬੁੱਧੀ। 9. ਚੁਫੇਰੇ। 10. ਸੋਨੇ ਦੇ। 11. ਅੱਠੇ ਪਹਿਰ। 12. ਸੋਭਾ। 13. ਸੂਰਜ। 14. ਚੰਦ੍ਰਮਾਂ। 15. ਸੂਰਜ ਮੁਖੀ। 16. ਉਸਦੀ ਜਮ ਦੀ ਫਾਹੀ। 17. ਭਾਵ ਗੁਰੂ ਰਾਮਦਾਸ ਜੀ ਨੇ ਪਾਪਾਂ ਦੀ ਅੰਸ਼ ਹੀ ਖਤਮ ਕਰ ਦਿੱਤੀ ਹੈ ਇਹ ਮੰਦਰ ਰਚਕੇ। 18. ਚਮਕ, ਸ਼ੋਭਾ। 19. ਉਸ ਨੂੰ ਫੇਰ ਜਠਰ ਅਗਨੀ ਨੇ ਨਹੀਂ ਸਾੜਿਆ, ਭਾਵ ਓਹ ਫੇਰ ਜਨਮ ਮਰਨ ਵਿਚ ਨਹੀਂ ਆਯਾ।

'ਸੰਤ ਖੁਸ਼ੀ ਮ੍ਰਿਗਰਾਜ' ਤਾਕੋ ਜੈਸੇ ਤੈਸੇ ਜਾਨੋ
ਪਾਂਚੋਂ ਹੀ ਕੁਠਾਗਨ ਕੋ ਠਾਗਯੋ ਜਾਸ ਨਾਗ ਨੈ[1]।
ਨ੍ਹਾਯੋ ਕਾਗ ਹ੍ਵੈ ਕੈ ਹੰਸ ਹੰਸਪਤਿ[2] ਜੂ ਪੈ ਗਯੋ,
ਊਹਾਂ ਸੁਧਾਸਰ ਕੀ ਬਡਾਈ ਕਰੀ ਕਾਗ ਨੈ।੧।।

ਗੁਰੂ ਜੀ ਕੇ ਦ੍ਵਾਰੇ ਸੁਧਾਸਰੇ ਹਰੀ ਮੰਦਰ ਮੈਂ
ਕੀਰਤਨ ਕਥਾ ਹ੍ਵੈ ਸਦਾਈ ਧੁਨਿ ਰਾਗ ਕੀ।
ਤਾਂਹੀ ਕੇ ਸੁਨੇ ਤੇ ਸਾਚੇ ਸੁਖ ਦੈਨ ਚੈਨ ਹੋਵੈ,
ਵਾਹੀ ਛਿਨ ਨਾਸੈ ਸਯਾਮਤਾ ਜੋ ਪਾਪ ਦਾਗ਼ ਕੀ[3]।
'ਸੰਤ' ਕਹੈ ਗੁਰੂ ਸਰੋ ਨ੍ਹਾਇਬੇ ਕੀ ਪ੍ਰਭਾ ਬਯੰਤ,
ਨਾਸੈਂ ਪਾਂਚ ਬੈਰੀ, ਪ੍ਰੀਤ ਬਢੈ ਨਾਮ ਜਾਗ ਕੀ।
ਦੇਸ਼ ਔ ਬਿਸ਼ਦੇ, ਸ਼ੇਸ਼[4], ਅਲਿਕੇਸ਼[5], ਔ ਸੁਰੇਸ਼[6]
ਸਾਚੀ ਹ੍ਵੈ ਰਹੀ ਹੈ ਸ਼ੋਭਾ ਹੰਸ ਬਨੇ ਕਾਗ ਕੀ।੨.

**ਪੰਡਤ ਤਾਰਾ ਸਿੰਘ ਜੀ (ਛਾਪ 'ਨਖਯਤ੍ਰ ਹਰੀ')–**

ਅਧਮ ਅਨਾਇਬੈ ਕੋ ਆਯੋ ਏਕ ਦੂਰ ਹੀ ਤੇ,[7]
ਰਾਮਦਾਸ ਪੁਰਿ ਮੈ ਪ੍ਰਵੇਸ਼ ਜਬ ਕੀਨੋ ਆਇ।
ਤਬ ਹੀ ਤੇ ਪਾਤਕ ਪਕਰ ਖਰੇ ਪਾਤਕੀ[8] ਕੋ,
'ਕੌਨੈ ਸਿਖ[9] ਦਈ ਤੋਹਿ ਅੰਮ੍ਰਿਤਸਰ ਜਾਇ ਨ੍ਹਾਇ?
'ਸੁਕਵਿ 'ਨਖਯਤ੍ਰ ਹਰਿ' ਦੋਨੋ ਭ੍ਰਾਤ ਹੀ ਕੋ ਗੇਹ
ਦੇਹ ਇਹ ਤੇਰੀ ਹਮੇ ਆਨੰਦ ਅਨੇਕ ਭਾਇ,[10]

---

1. ਜਿਸ ਨੂੰ ਪੰਜਾਂ ਹੀ ਖੋਟੇ ਠੱਗਾਂ (ਵਿਕਾਰਾਂ ਰੂਪ) ਨਾਗਾਂ ਨੇ ਠੱਗ ਲਿਆ ਸੀ। 2. ਵਿਸ਼ਨੂੰ। 3. ਪਾਪਾਂ ਦੀ ਕਾਲਖ। 4. ਸ਼ੇਸ਼ਨਾਗ। 5. ਕੁਬੇਰ। 6. ਇੰਦਰ। 7. ਇਕ ਪਾਪੀ ਨੂੰ ਲਿਆਉਣ ਲਈ ਇਕ ਹੋਰ ਪਾਪੀ ਦੂਰੋਂ ਆਯਾ। 8. ਉਨ੍ਹਾਂ ਪਾਪੀਆਂ ਨੂੰ ਪਾਪ ਫੜ ਖੜੋਤੇ। 9. ਕਿਸਨੇ ਸਿਖਯਾ। ਮੱਤ। 10. ਪਾਪ ਕਹਿੰਦੇ ਹਨ ਕਿ ਤੁਸਾਂ ਦਾ ਤੇ ਸਾਡਾ ਘਰ ਹੈ ਇਹ ਦੇਹ ਇਸ ਤੋਂ ਸਾਨੂੰ ਦੋਹਾਂ ਭਰਾਵਾਂ ਨੂੰ ਅਨੇਕ ਆਨੰਦ ਮਿਲਦੇ ਹਨ।

'ਮਰਬੋ ਹਮਾਰੇ ਕੋ ਸਰਾਪ ਇਹ ਪੜੈਗੋ ਤੋਹਿ;
ਹਮਕੋ ਅਨੇਕ ਦੇਹ, ਤੇਰੀ ਹੂੰ ਨ ਹਾਥ ਆਇ'[1]।੧।।

**ਬਾਬਾ ਸੁਮੇਰ ਸਿੰਘ ਜੀ ('ਸੁਮੇਰ ਹਰਿ' ਛਾਪ)**

ਦੇਖਿ ਦੇਖਿ ਰਚਨਾ ਤਿਹਾਰੀ ਗੁਰੂ ਰਾਮਦਾਸ !
ਸਭ ਕਵਿ ਜਨ ਮਨ ਰੂਝਤ ਰਹਤ ਹੈਂ[2]।
ਵਾਹੀ ਰਚਨਾ ਮੈਂ ਰਾਚਯੋ ਏਕ ਸਰ ਅੰਮ੍ਰਿਤ ਕੋ,
ਨਾਨ੍ਹ ਪਾਨ ਕੀਏ ਪਾਪ ਜੂਝਤ ਰਹਿਤ[3] ਹੈਂ।
ਭਨਤ 'ਸੁਮੇਰ ਹਰਿ' ਹਰਿਮੰਦਰ ਅੰਦਰ ਕੈ
ਦੁਆਰੇ ਪੈ ਪੁਰੰਦਰਾਦਿ[4] ਸੂਝਤ ਰਹਿਤ ਹੈਂ[5]।
ਕੈਸੋ ਹੈ? ਕਾਂਕੋ ਹੈ ਬਨਾਯੋ? ਕਹੌਂ ਕੌਨ ਰੂਪ?
ਕਹਾਂ ਕੋ? ਸੋ ਕਾਂਕੀ ਕ੍ਰਿਤ? ਬੂਝਤ ਰਹਤ ਹੈਂ।੧।।

ਐਸੇ ਹਰਿ ਮੰਦਰ ਮੈਂ ਰਾਜੈਂ ਗੁਰੂ ਰਾਮਦਾਸ
ਦ੍ਵਾਰੇ ਮੈਜ ਨਰਿੰਦ੍ਰ[6] ਇੰਦ੍ਰ ਪੂਜਤ ਰਹਤ ਹੈਂ।
ਨਾਰਦ ਔ ਸ਼ਾਰਦ[7] ਬਿਸ਼ਾਰਦ[8] ਸੁਜਸ ਬਦੈਂ,
ਬੇਨ ਸੋ ਬਜਾਇ ਆਇ ਗੂੰਜਤ ਰਹਤ ਹੈਂ।
ਭਨਤ ਸੁਮੇਰ ਸਿੰਘ ਚਾਤੁਰ ਦੁਹ ਚੱਕਨ[9] ਕੇ
ਚਾਹ ਚਾਹ ਚਿਤ੍ਰ-ਤਾਨ[10] ਖੋਜਤ ਰਹਤ ਹੈਂ।
ਕੈਸੋ ਹੈ? ਕਾਂਕੋ ਹੈ ਬਨਾਯੋ? ਕਹੌਂ ਕੌਨ ਰੂਪ?
ਕਹਾਂ ਕੋ? ਸੋ ਕਾਂਕੀ ਕ੍ਰਿਤ? ਬੂਝਤ ਰਹਤ ਹੈਂ।੨।।

---

1. ਸਾਡੇ ਮਰਨ ਨਾਲ ਸਾਡਾ ਸਰਾਪ ਤੁਸਾਂ ਨੂੰ ਇਹ ਪਵੇਗਾ ਕਿ ਤੁਹਾਡੀ ਦੇਹ ਸਾਡੇ ਹੱਥ ਨਹੀਂ ਆਵੇਗੀ ਭਾਵੇਂ ਸਾਨੂੰ ਹੋਰ ਬਥੇਰੇ ਮਿਲ ਜਾਣਗੇ। ਵਯੰਗ ਵਿਚ ਕਿਹਾ ਹੈ ਕਿ ਤੁਸੀਂ ਮੁਕਤ ਹੋ ਜਾਓਗੇ। 2. ਰੁੱਝੇ ਰਹਿੰਦੇ ਹਨ। 3. ਭਾਵ ਪਾਪ ਨਾਸ਼ ਹੁੰਦੇ ਰਹਿੰਦੇ ਹਨ। 4. ਇੰਦ੍ਰ ਆਦਿਕ। 5. ਕਣਸੋਆਂ ਲੈਂਦੇ ਰਹਿੰਦੇ ਹਨ। 6. ਰਾਜੇ। 7. ਸ਼ਾਰਦਾ। ਬਾਣੀ ਦੀ ਦੇਵੀ। 8. ਚਤੁਰ, ਨਿਪੁੰਨ। 9. ਦੁਹਾਂ ਚੱਕਾਂ ਭਾਵ ਲੋਕ ਪ੍ਰਲੋਕ ਦੇ, ਯਾ ਅਕਾਸ਼ ਪਤਾਲ ਦੇ। ਅਥਵਾ ਪਾਠਾਂਤ੍ਰ ਚਹੂੰ ਚੱਕਨ'। 10. ਚਿਤ੍ਰਾਂ ਦਾ ਵਿਸਤਾਰ।

**ਭਾਈ ਸੰਤੋਖ ਸਿੰਘ ਘੜਿਆਲੀਏ ('ਤੋਖ-ਹਰਿ' ਛਾਪ)**

ਤੀਰਥ ਪ੍ਰਸਿਧ ਸਿਧ ਥਲ ਹੈ ਸਨਾਤਨ[1] ਕੋ,
ਪਾਂਇ ਪਾਇ ਸਿਧਿ ਇਹਾਂ ਸਿਧ ਭਏ ਨਰ ਹੈਂ।
ਸ੍ਰੀ ਗੁਰੂ ਅਮਰਦਾਸ ਜੀ ਕੋ ਲੈ ਹੁਕਮ ਖਾਸ
ਗੁਰੂ ਰਾਮਦਾਸ ਨੈ ਪ੍ਰਕਾਸ਼ ਕੀਓ ਧਰ ਹੈ।
ਦੇਖਿ ਗੁਰੂ ਅਰਜਨ ਕੋ ਭਗਤਿ ਭਾਵ 'ਤੋਖ ਹਰਿ'
ਆਯੋ ਸਪ੍ਰਭਾਵ ਲੇ ਸੁਰਨ ਚੱਕ੍ਰਧਰ[2] ਹੈ।
ਕੀਨੋ ਛੇਤ੍ਰ ਬਰ ਹੈ ਸੁ ਦੀਨੋ ਤਬੈ ਬਰ ਹੈ,
ਕਿ ਸਿਫਤਨ ਕੋ ਘਰ ਹੈ, ਜੂ ਧੰਨਯ ਸੁਧਾਸਰ ਹੈ।੧।।

ਚਾਰੋਂ ਔਰ ਜਾਂਕੋ ਲਸੈ[4] ਅੰਮ੍ਰਿਤ ਪ੍ਰਵਾਹ ਨੀਕੋ,
ਜੀ ਕੋ ਉਤਸਾਹ ਮੋਦ[5] ਚਾਹ ਦੇਤ ਭਰ ਹੈ।
ਥਾਪਯੋ ਹਰਿਮੰਦਰ ਹੈ ਮਧਯ ਸਰ ਸੁੰਦਰ ਜੋ,
ਜਹਾਂ ਗਯਾਨ ਮੰਦਰ ਸ੍ਰੀ ਗ੍ਰੰਥ ਲਸੈ ਬਰ ਹੈ।
ਕਹੈ 'ਤੋਖ ਹਰਿ' ਹਰਿਨਾਮ ਕੋ ਲਲਾਮ[6] ਰੀਤ,
ਗਾਵੈਂ ਗੁਨੀ ਗ੍ਰਾਮ[7] ਆਠੋਂ ਜਾਮ ਪ੍ਰੇਮ ਧਰ ਹੈ।
ਸ਼ੋਭਾ ਕੋ ਸੁ ਘਰ ਹੈ, ਬਿਨੋਦ ਰਹਯੋ ਭਰ ਹੈ,
ਅਘਨ ਰਾਮ ਸਰ[8] ਹੈ, ਸ੍ਰੀ ਧਾਮ ਸੁਧਾਸਰ ਹੈ। ੨.
ਜਾਂਕੀ ਚਾਰੁ ਸ਼ੋਭਾ ਕੋ ਨ ਅੰਤ ਲਹੈ ਕੋਊ ਕਵਿ,
ਥਾਪਯੋ ਭਗਵੰਤ ਆਪ ਆਇ ਪ੍ਰੇਮ ਕਰਿ ਹੈ।

---

1. ਪੁਰਾਣਾ। 2. ਚੱਕ੍ਰਧਰ ਹਰੀ ਦੇਵਤਿਆਂ ਨੂੰ ਨਾਲ ਲੈਕੇ ਆਪ ਆਇਆ ਪੂਰੇ ਪ੍ਰਭਾਵ ਤੇ ਤੇਜ ਪ੍ਰਤਾਪ ਨਾਲ। 3. ਸ੍ਰੇਸ਼ਟ ਛੇਤ੍ਰ। ਉਤਮ ਮੰਦਰ। 4. ਚਮਕਦਾ ਹੈ। 5. ਆਨੰਦ, ਖੁਸ਼ੀ। 6. ਸੁਹਣਾ, ਵੱਡਾ। 7. ਗੁਣਾਂ ਦੇ ਘਰ, ਭਾਵ ਵਡੇ ਵਡੇ ਗੁਣੀ। 8. ਪਾਪਾਂ ਨੂੰ ਰਾਮਚੰਦ੍ਰ ਦੇ ਅਮੋਘ ਤੀਰ ਸਮਾਨ ਹੈ।

ਸੇਵੈਂ ਸੁਰ ਬ੍ਰਿੰਦ ਤਿਉਂ ਅਨੰਤ ਭੇਖ ਧਾਰਿ ਜਹਾਂ,
ਮੁਕਤਿ ਮਲਿੰਦ ਅਰਬਿੰਦ ਗੁਰੂ ਦਰ ਹੈ[1]।
ਕਹੈ 'ਤੋਖ-ਹਰਿ ਹੀਨ ਦੀਨ ਔ ਮਲੀਨ ਮਹਾਂ
ਦਰਸਤ ਪੁੰਨ ਪੀਨ ਲੀਨ ਹੋਤ ਪਰ ਹੈ[2]।
ਦੇਤ ਅਘ ਦਰ ਹੈ, ਨ ਜਾਤ ਜਮ ਦਰ ਹੈ,
ਧਰਾ ਮੇਂ ਕਲਪ-ਤਰੁ[3] ਹੈ, ਜੂ ਧੰਨ ਸੁਧਾਸਰ ਹੈ।੩।।

ਕੈਧੋ[4] ਪੰਚ-ਨਦ[5] ਕੋ ਸ਼ਿੰਗਾਰ ਚਾਰੁ ਸੋਹੈ ਯਹ,
ਕੈਧੋ ਧਰਮ ਸਾਰ ਤਨੁ ਧਾਰ ਬੈਠਯੋ ਧਰ[6] ਹੈ।
ਕੈਧੋ ਸ੍ਰੀ ਅਮਰਦਾਸ ਜੂ ਕੋ ਦਿਬਯ ਤਪ ਰਾਸ[7],
ਕੈਧੋ ਸ੍ਰੀ ਅਮਰਦਾਸ ਜੂ ਕੋ ਖਾਸ ਪ੍ਰੇਮ ਪਰ ਹੈ।
ਕਹੈ 'ਤੋਖ-ਹਰਿ' ਹਰਿਮੰਦਰ ਕੀ ਦੇਖਿ ਪ੍ਰਭਾ
ਆਵੈ ਮਨ ਮੇਰੇ 'ਵੈਕੁੰਠ' ਯਹੀ ਬਰ ਹੈ।
ਦ੍ਵੰਦ ਮੋਹ ਫੰਦ ਅਘ ਮੰਦ ਕੋ ਨਿਕੰਦ ਕੈਧੋ[8],
ਆਪ ਬ੍ਰਹਮਾਨੰਦ ਸੁਖਕੰਦ[2] ਸੁਧਾਸਰ ਹੈ।੪।।

ਭੂਲ ਜਾਤ ਵਾਂਕੇ ਅਘ ਪੁੰਜਨ ਕੋ ਯਮ ਰਾਜ,
ਦੂਖਨ ਸਮਾਜ ਦੇਖੋ ਉਡ ਸਮ ਧੂਲ ਜਾਤ।
ਹੁਲ ਜਾਤ ਹੌਲ ਤੇ ਹਹਰ ਹੀਯ ਸ਼ੱਤ੍ਰਨ ਕੋ,
ਅਪਦਾ ਅਘਨ ਹੂੰ ਕੀ ਆਂਚ ਉਨਮੂਲ ਜਾਤ[10],
ਕਹੈ 'ਤੋਖ-ਹਰਿ' ਮੋਹ ਮਤਸਰ[11] ਕੋ ਮੂਲ ਜਾਤ,
ਤਾਂਕੋ ਸਭੈ ਬ੍ਰਹਮਾਂਡ ਹੋਇ ਅਨੁਕੂਲ ਜਾਤ।

---

1. ਗੁਰੂ ਦਰ ਰੂਪੀ ਕਵਲ ਉਪਰ ਮੁਕਤੀ ਭੌਰੇ ਸਮਾਨ ਗੁੰਜਾਰ ਰਹੀ ਹੈ। 2. ਭਾਵ ਅਤਿ ਪਾਪੀ ਬੀ ਇਥੇ ਦਰਸ਼ਨ ਕਰਕੇ ਮਹਾਨ ਪੁੰਨੀ ਹੋ ਜਾਂਦਾ ਹੈ। 3. ਸੁਰਗ ਦਾ ਉਹ ਬ੍ਰਿੱਛ ਜੋ ਮੂੰਹ ਮੰਗੀਆਂ ਮੁਰਾਦਾਂ ਦਿੰਦਾ ਕਿਹਾ ਜਾਂਦਾ ਹੈ। 4. ਜਾਂ ਤਾਂ। 5. ਪੰਜਾਬ। 6. ਜਾਂ ਇਹ ਧਰਮ ਹੀ ਸੁਹਣਾ ਤਨ ਧਾਰਕੇ ਧਰਤੀ ਤੇ ਆ ਬੈਠਾ ਹੈ। 7. ਦੈਵੀ ਤਪ ਦੇ ਸਮੂਹਦਾ ਸਰੂਪ। 8. ਜਾਂ ਇਹ ਕਲਹ, ਮੋਹ ਦੇ ਫੰਧ ਤੇ ਭੈੜੇ ਪਾਪਾਂ ਨੂੰ ਕੱਟਣ ਵਾਲਾ ਹੈ। 9. ਸੁਖ ਫਲ ਦਾਤਾ। 10. ਅਣਗਿਣਤ ਦੁਖਾਂ ਦਾ ਸੇਕ ਜੜੋਂ ਉਖੜ ਜਾਂਦਾ ਹੈ। 11. ਈਰਖਾ।

ਮੂਲ ਜਾਤ ਤਨ ਕੋ, ਸੁਮਨ ਸੁਖ ਝੂਲ ਜਾਤ,
ਪ੍ਰੇਮ ਬਾਗ ਫੂਲ ਜਾਤ, ਸੁਧਾਸਰ ਕੂਲ ਜਾਤ[1]।

**ਗਯਾਨੀ ਧਯਾਨ ਸਿੰਘ ਜੀ–**

ਜਪ ਕੀਏ, ਜੋਗ ਕੀਏ, ਦਾਨ ਕੀਏ, ਧਯਾਨ ਕੀਏ,
ਜੋਈ ਫਲ ਹੋਤ ਬ੍ਰਿੰਦ ਬਿੱਪ੍ਰਨ ਜਿਆਏ ਤੇ[2]।
ਜੋਈ ਫਲ ਹੋਤ ਸੁਨੇ ਬੇਦ ਔ ਪੁਰਾਨਨ ਕੇ,
ਜੋਈ ਫਲ ਹੋਤ ਰਾਮਚੰਦ ਗੁਣ ਗਾਏ ਤੇ।
ਜੋਈ ਫਲ ਹੋਤ ਸਭ ਤੀਰਥ ਸ਼ਨਾਨ ਕੀਏ,
ਜੋਈ ਫਲ ਹੋਤ ਸਭ ਧਾਮ ਪਰਸਾਏ ਤੇ।
ਜੋਈ ਫਲ ਹੋਤ ਕੋਟ ਗਊ ਯਗਯ ਦਾਨ ਕੀਏ,
ਸੋਈ ਫਲ ਹੋਤ ਦਰਬਾਰ ਰਜ ਲਾਏ ਤੇ[3]।੧।।

**ਦੋਹਰਾ–ਚਰਨ ਰੇਨ ਦਰਬਾਰ ਕੀ ਰੋਗੀ ਮਲੈ ਸਰੀਰ।**
ਕਟੈਂ-ਪਾਪ ਦੁਖ ਬ੍ਰਿੰਦ[4] ਤਿਹ ਬਹੁਰ ਨ ਪਾਵੈ ਪੀਰ।੨।।

ਚਰਨ ਧੂਰ ਦਰਬਾਰ ਕੀ ਮਹਿੰਮਾ ਕਹੀ ਨ ਜਾਇ।
ਮੂੜ੍ਹ ਲਗਾਵੈ ਸੀਸ ਪਰ ਬਿਮਲ[5] ਬੁਧਿ ਹ੍ਵੈ ਜਾਇ।੩।।

**ਪੰਡਤ ਲੋਕ ਨਾਥ–**

ਸਤਿਜੁਗ ਪੁਸ਼ਕਰ, ਔ ਤ੍ਰੇਤਾ ਬੀਚ ਕੁਰੂਖੇਤ,
ਦ੍ਵਾਪੁਰ ਕੇ ਅੰਤ ਨੀਮਖਾਰ ਬਨਯੋ ਜਬ ਸੋਂ।
'ਦ੍ਵਿਜ ਲੋਕਨਾਥ' ਇਨ ਤੀਨੋ ਕੋ ਜਗਤ ਬੀਚ
ਪਰਮ ਪ੍ਰਸਿਧ ਨਾਮ ਚਲਯੋ ਆਯੋ ਤਬ ਸੋਂ।
ਗੁਰੂ ਰਾਮਦਾਸ ਜੂ ਨੈ ਕਲੂ ਮੈ ਬਨਾਯੋ ਵੈਸੋ
ਸੁਧਾਸਰ ਤਾਲ ਸੋ ਸਰਸ[6] ਬਨਯੋ ਸਭ ਸੋਂ।

---

1. ਅੰਮ੍ਰਿਤ ਸਰੋਵਰ ਦੇ ਕੰਢੇ ਜਾਂਦਿਆਂ ਹੀ। 2. ਬ੍ਰਹਮਨਾਂ ਨੂੰ ਭੋਜਨ ਖੁਆਉਣ ਤੇ। 3. ਗੁਰੂ ਦਰਬਾਰ ਦੀ ਚਰਨ ਧੂੜ ਮੱਥੇ ਲਾਉਣ ਨਾਲ ਹੀ ਉਹ ਫਲ ਪ੍ਰਾਪਤ ਹੋ ਜਾਂਦਾ ਹੈ। 4. ਸਾਰੇ ਦੁਖ। 5. ਨਿਰਮਲ। 6. ਮਨੋਹਰ, ਵਧਕੇ।

ਯਾਤੇ ਜਾਨ ਪਰੈ ਜੀਯ ਮਹਤ ਮਹਾਤਮ ਕੋ
ਗਨੇ ਜੈ ਹੈਂ ਚਾਰ ਚਾਰੋਂ ਜੁਗਨ ਕੇ ਅਬ ਸੇ[1]।੧।।
ਰਾਜੈ ਰਾਜਾਧਪਿ ਸ੍ਰੀ ਸੋਢੀ ਮਹਾਂਰਾਜ ਸਦਨ[2].
ਚਾਰ ਚਾਰ ਦ੍ਵਾਰ ਜਹਾਂ ਚਾਰ ਫਲ ਪਾਵਨੋ।
ਕੈਧੋਂ ਚਾਰੋਂ ਮੁਕਤਿ ਯਿਹ ਰਾਖੀ ਹਿਤ ਵਾਂਛਤ[3] ਕੇ,
ਕੈਧੋਂ ਚਾਰੋਂ ਓਰ ਨਿਸ ਦਯਸ ਜਸ ਗਾਵਨੋ।
ਇੰਦ੍ਰ, ਯਮ, ਵਰੁਣ, ਕੁਮੇਰ, ਕੈਧੋਂ ਠਾਂਢੇ ਕੀਨ[4]
ਆਗਯਾ ਬਿਨ ਸੁਰਾਸਰ ਮਾਨਵਨ ਆਵਨੋ[5]।
ਦੇਖਯੋ ਦੂਰ ਦੇਸ਼ ਪੁਨ ਸੁਨਯੋ 'ਦ੍ਵਿਜ ਲੋਕ ਨਾਥ'
ਯਾ ਸੰਮ ਨ ਔਰ ਕੋਊ ਲਾਗ੍ਤ ਸੁਹਾਵਨੋ।੨।।

**ਬੇਛਾਪ–**

ਕਲਪ ਨਿਕਟ ਹ੍ਵੈ ਕਲਪ ਨਾਹ ਦੇਖਯੋ ਨੈਨ
ਹੋਤਾ ਏਕ ਸੋਊ ਸੁਨਯੋ ਨਿਗਮ ਪੁਰਾਨ ਤੇ[6]
ਕਾਮਧੇਨੁ ਕਾਮਨਾ ਕੋ ਪੂਰਨ ਕਰਨਹਾਰ,
ਵਾਂ ਕੋ ਹ੍ਵੈ ਦਰਸ ਦਿਵਯ ਲੋਕ ਕੇ ਪਯਾਨ ਤੇ[7]।
ਚਿੰਤਾਮਣਿ ਚਿੰਤਾ ਸਭ ਖਿਣ ਮੇ ਮਿਟਾਇ ਦੇਤ,
ਦੇਖੀ ਨਾਹਿ, ਵੇਊ ਸੁਣੀ ਹੋਤ ਹੈ ਪਖਾਨ[8] ਤੇ।
ਯਾਂ ਤੇ ਇਨ ਤਯਾਗਿ ਭਾਗਿ ਆਯੋ ਗੁਰੂ ਧਾਮ ਮਾਂਹਿ,
ਬਾਂਛਤ ਮਿਲੈਗੀ ਸੋਢੀ ਸ਼ਾਹ ਕੇ ਦਿਵਾਨ ਤੇ[9]।੧।।

---

1. ਚਹੁੰ ਜੁਗਾਂ ਦੇ ਚਾਰੇ ਵੱਡੇ ਤੀਰਥ ਜੋ ਗਿਣੇ ਹਨ ਹੁਣ ਓਹੋ ਇਹ ਹੈ। 2. ਸ੍ਰੀ ਸੋਢੀ ਮਹਾਂਰਾਜ ਰਾਜਿਆਂ ਦੇ ਮਹਾਂਰਾਜ ਦਾ ਘਰ ਜੋ ਸ਼ੋਭ ਰਿਹਾ ਹੈ। 3. ਚਾਹੁਣ ਯਾ ਮੰਗਣ ਵਾਲਿਆਂ ਵਾਸਤੇ। 4. ਖੜੇ ਕੀਤੇ ਹਨ ਦ੍ਵਾਰਪਾਲ। 5. ਤਾ ਕਿਹ ਦੇਵਤੇ ਦੈਤ ਤੇ ਮਨੁਖ ਖੁੱਲ੍ਹੇ ਆ ਸਕਣ, ਉਨ੍ਹਾਂ ਨੂੰ ਕਿਸੇ ਦੀ ਆਗਜਾ ਨਾ ਮੰਗਣੀ ਪਵੇ। ਕੋਈ ਰੋਕੇ ਨਾਂ। 6. ਕਲਪ ਬ੍ਰਿੱਛ ਨੂੰ ਨੇੜੇ ਹੋਕੇ ਨਹੀਂ ਦੇਖਿਆ, ਵੇਦ ਪੁਰਾਣਾਂ ਤੋਂ ਸੁਣਿਆ ਹੈ ਕਿ ਇਕ ਹੁੰਦਾ ਸੀ। 7. ਦੇਵਲੋਕ ਜਾਈਏ ਤਾਂ ਹੀ ਕਾਮਧੇਨੁ ਨੂੰ ਦੇਖ ਸਕੀਏ। 8. ਉਹ ਬੀ ਉਪਾਖਜਾਨ (ਕਥਾ ਵਾਰਤਾ) ਵਿਚ ਸੁਣੀ ਹੀ ਹੈ। 9. ਕਿ ਮਨ ਮੰਗੀ ਮੁਰਾਦ ਸੱਚੇ ਸੋਢੀ ਪਾਤਸ਼ਾਹ ਦੇ ਦਰਬਾਰ ਤੋਂ ਮਿਲ ਜਾਏਗੀ।

**ਸੰਤ ਨਿਹਾਲ ਸਿੰਘ (ਦੀਪਮਾਲ ਮੇਲਾ)-**

ਸਦਾ ਹੈ ਅਟੱਲ ਸ੍ਰਾਮੀ ਰਾਮਦਾਸ ਕੋ ਪ੍ਰਤਾਪ
ਕੀਰਤਨ ਕਥਾ ਹੂੰ ਕੀ ਸੰਪਦਾ[1] ਲਗਾ ਦਈ।
ਗੁਰੂ ਜੀ ਕੇ ਧਾਮ ਨਾਮ ਮੰਗਲ ਮੈ ਬਾਸ ਲੀਨੋ[2],
ਯਥਾ ਯੋਗ ਇਛਾ ਪੂਰੀ ਪੁੰਜ ਕੀ ਕਰਾ ਦਈ।
ਤਾਂਤੇ ਅਮੀਸਰ[3] ਕੇ ਸ੍ਰੀ ਚਾਰੋਂ ਕੋਦ[4] ਦਿਪੈਂ ਦੀਪ
'ਸੰਤ ਖੁਸ਼ੀ ਮ੍ਰਿਗਰਾਜ' ਭਾਵਨਾ ਜਨਾ ਦਈ।
ਫਣੀ ਰਾਜ[5] ਜੀ ਕੀ ਆਸ ਸਫਲੀ ਭਈ ਹੈ ਮਾਨੋ
ਸੁਧਾਸਰ ਤੀਰ ਤੀਰ ਮਣੀਆਂ ਬਿਛਾ ਦਈ।੨॥

**ਡਾਕਟਰ ਚਰਨ ਸਿੰਘ ਜੀ ('ਸਾਰੰਗ ਚਰਨ'-ਛਾਪ)-**

*(ਦੋ ਛੰਦ ਪਸਚਮੀ ਭਾਸ਼ਾ)*

ਡਿੱਠਾ ਤੈਂਡਾ ਤਾਲ ਭਰਿਆ ਅੰਮ੍ਰਿਤ ਦੇ ਨਾਲ ਜਿਹੜਾ,
ਕੀਤਾਏ ਸ਼ਨਾਨ ਦੂਖ ਰੋਗ ਚਾ ਵੰਞਾਏ ਹਿਨ।
ਆਇ ਦਰਬਾਰ ਹਥ ਜੋੜਿ ਨਿਮਸਕਾਰ ਕੀਤੀ
ਥੀਈ ਅਰਦਾਸ ਫਲ ਚਾਰ ਤਦ ਪਾਏ ਹਿਨ।
ਕਿਥੂ ਨਹੀਂ ਡਿੱਠਾ ਇਹ ਕੜਾਹ ਪਰਸਾਦਿ ਮਿੱਠਾ,
ਪੌੜੀ ਆਇ ਹਰਿ ਕੀ ਤੇ ਚੂਲੇ ਚਾ ਛਕਾਏ ਹਿਨ।
ਰਾਗੀ ਪਏ ਅਲਾਪਦੇ ਨੇ ਸ਼ਬਦ ਗੁਰੂ ਦੇ ਚੰਗੇ
'ਸਾਰੰਗ ਚਰਨ' ਗੁਰੂ ਰਾਮਦਾਸ ਭਾਏ ਹਿਨ।੧॥

ਆਏ ਹਾਂ ਸ਼ਰਨ ਤੈਂਡੀ ਰਾਖ ਲਾਜ ਸਾਡੀ ਹੁਣ,
ਤੈਂਡੇ ਈ ਸਦਾਇ ਜਗ ਵਿਚ ਪ੍ਰਗਟਾਏ ਹਾਂ।
ਤੈਂਡੇ ਬਿਨਾ ਜਾਹ ਨਾਂਹ ਢੋਈ ਜਿਥੇ ਲਹਾਂ ਜਾਇ,
ਤੈਂਡੇ ਹੀ ਦੁਆਰੇ ਆਇ ਆਇ ਘਿਘਿਆਏ ਹਾਂ।

---

1. ਧਨ, ਦੌਲਤ, ਸੰਪਤਿ। 2. ਭਾਵ ਨਾਮ ਮੰਗਲ ਵਿਚ ਗੁਰੂ ਰਾਮਦਾਸ ਨੇ ਆਪ ਵਾਸਾ ਪਾ ਲਿਆ ਹੈ। 3. ਅੰਮ੍ਰਿਤ ਸਰੋਵਰ। 4. ਚਾਰੋਂ ਪਾਸੇ। 5. ਸ਼ੇਸ਼ਨਾਗ।

ਬਿਰਦ ਦੀ ਲਾਜ ਤੈਨੂੰ ਅਸੀਂ ਹਾਂ ਨਿਲਾਜ ਭਾਰੇ,
ਕੂਕਰ ਹਾਂ ਦਰ ਪਏ, ਕੂਕ ਕੇ ਸੁਣਾਏ ਹਾਂ।
'ਸਾਰੰਗ ਚਰਨ' ਤੂਹੀਏਂ ਆਸਰਾ ਭਰੋਸਾ ਸਾਡਾ
ਕੂੜ ਪਾਜ ਬੋਲਿ ਬੋਲਿ ਉਮਰ ਲੰਘਾਏ ਹਾਂ।੨।।

ਮਨ ਰੇ ਨ ਸੋਚੈਂ ਮੋਚੈਂ[1] ਕਾਲ ਜਗ ਧੰਦਨ ਮੈਂ,
ਬੰਧਨ ਮੈਂ ਬੰਧਯੋ ! ਨਿਰਬੰਧ ਕਭੂ ਧਯਾਵਰੇ[2]!
ਮਾਨ, ਮਦ, ਮੋਹ, ਕੋਹ[3], ਲੋਭ, ਨਿੰਦਾ, ਬੰਚਕਤਾ[4],
ਤਯਾਗਿਕੈ ਕੁਸੰਗ, ਸਤਿਸੰਗ ਓਰ ਆਵ ਰੇ !
ਸੁਗਮ ਉਪਾਇ ਕਰ ਚਾਇ ਸੰਗ ਨਿਤਾ ਪ੍ਰਤਿ,
ਲਾਗਤ ਨ ਮੋਲ ਚਾਹੋ ਭਲੋ ਪ੍ਰਤਯਾਵ ਰੇ !
'ਸਾਰੰਗ ਚਰਨ' ਪ੍ਰਾਤ ਸੌਚ ਜਪ ਜਾਪ ਨਿਤ,
ਚੱਲ ਸੁਧਾਸਰ ਪੌੜੀ ਹਰਿ ਕੀ ਪੈ ਨ੍ਹਾਵ ਰੇ ! ੩.
ਕੀਜੀਏ ਸ਼ਨਾਨ ਪਾਠ ਨੇਮ ਗੁਰਬਾਨੀ ਮਾਨੀ,
ਕਰਿਕੇ ਦਿਦਾਰ ਚਾਰੁ[5] ਆਨੰਦ ਉਮੰਗ ਤੇ।
ਬੈਠਿ ਇਕ ਕੋਨੇ ਸੁਨ ਲੋਨੇ ਸ਼ਬਦ ਰਾਗ ਮਈ,
ਬ੍ਰਿਤਿ ਕੋ ਸਲੋਨੇ[6] ਰੰਗ ਰੰਗੋ ਏਕ ਰੰਗ ਤੇ।
ਦ੍ਰਿਸ਼ਟਿ ਕੋ ਟਿਕਾਇ ਨਾਕ ਕੂਪਲੀ ਮੈ ਰੋਕੋ ਮਨ,
ਅੰਗਨ ਸਥਿਰ ਕਰ ਬੈਠੋ ਇਸ ਢੰਗ ਤੇ।
'ਸਾਰੰਗ ਚਰਨ' ਜੌ ਲੌਂ ਟਿਕੈ ਮਨ ਸੁੰਨਤਾ ਮੈਂ
ਤੌਂ ਲੌਂ ਹੀ ਟਿਕਾਓ ਹਰਿਮੰਦਰ ਪ੍ਰਸੰਗ ਤੇ[7]।੪।।
ਗਜਲ[8] ਟੰਕਾਰ ਸੁਨ ਸੁੰਨਤਾ ਕੋ ਤਯਾਗ ਦੇਹੁ,
ਹੋਹੁ ਸਾਵਧਾਨ ਦੇਖ ਸੰਗਤਾਂ ਕੀ ਭੀਰ ਕੋ।

---

1. ਬਿਤਾਂਉਂਦਾ, ਗੁਆਉਂਦਾ ਹੈਂ। 2. ਬੰਧਨਾਂ ਦੇ ਕੱਟਣਹਾਰ ਨੂੰ ਤਾਂ ਕਦੇ ਸਿਮਰ। 3. ਕ੍ਰੋਧ। 4. ਠੱਗੀ। 5. ਸੁਹਣੇ ਦਰਸ਼ਨ ਕਰਕੇ। 6. ਸੁੰਦਰ। 7. ਹਰੀਮੰਦਰ ਵਿਚ ਹਾਜ਼ਰੀ ਭਰਦੇ ਹੋਏ। 8. ਘੜਿਆਲ ਦੀ।

ਜਗਮਗ ਜੋਤਿ ਕੈਸੀ ਦੀਪਤ ਪ੍ਰਤੱਖ ਰੂਪ,
ਰਾਗ ਧੁਨਿ ਪੂਰੋ ਮੱਧ ਮਧੁਰ ਸੁ ਨੀਰ ਕੋ।
ਕੈਸੇ ਕੈਸੇ ਦਿਬਯ ਜੋਤਿ ਧਾਰੇ ਬਪੁ ਮਾਨੁਖ ਕੋ
ਕੀਜੀਏ ਦਿਦਾਰ ਲੀਜੈ ਆਨੰਦ ਗਹੀਰ ਕੋ।
'ਸਾਰੰਗ ਚਰਨ' ਹਰਿਮੰਦਰ ਮੈ ਰੀਤਿ ਇਤ
ਨਿਤ ਨਿਤ ਆਇ ਨ੍ਹਾਇ ਜੀਤੀਏ ਸਰੀਰ ਕੋ[1]।੫।।
ਚਾਲ ਕੇ ਉਤਾਲ[2] ਮਨ ਆਨੰਦ ਕੋ ਕਾਲ ਜਾਤ,
ਹੂਜੀਏ ਨਿਹਾਲ ਪ੍ਰਾਤਕਾਲ ਕੇ ਦਿਦਾਰ ਲੇਹੁ।
ਸੁਨ ਗੁਨ ਵਾਰ[3] ਔ ਸਪੰਦ[4] ਕੋ ਨਿਵਾਰ ਡਾਰ
ਹੋਇਕੇ ਅਫੁਰ ਬੈਠ ਕੋਨੇ ਮੇ ਬਿਚਾਰ ਏਹੁ।
ਕੇਵਲ ਨਮਿੱਤ ਚਿੱਤ ਸ਼ਾਂਤਿ ਹੇਤ ਰਚਯੋ ਗੁਰੂ
ਤਾਲ ਹਰਿ ਧਾਮ ਸਿਖ ਸੰਗਤਾਂ ਅਨੰਦ ਦੇਹ।
ਗਜਲ ਵਜੀ ਤੇ ਉਠ ਯਾਤ੍ਰਾ ਤਾਲ ਕੀਜੈ ਫਿਰ,
ਨਾਇ ਨਾਇ ਸਿਰ 'ਹਰਿ ਚਰਨ' ਅਟਲ ਗ੍ਰੇਹ[5]।੬।।
ਸ਼ਾਂਤਿ ਚਿਤ ਚਾਹੈਂ ਔ ਨਬਿਤ ਬ੍ਰਿਤ ਚਹੈਂ ਯਦਿ,
ਇੰਦ੍ਰਨ ਕੋ ਰੋਕਨੋ ਔ ਘਰ ਦਰ ਪਾਵਨੋ।
ਸਹਜ ਸਮਾਧਿ ਚਾਹੈਂ ਦਿਬਯ ਜੋਤਿ ਦੇਖਨੀ ਜੌ,
ਚਾਹੈਂ ਜੌ ਕਲੇਸ਼ ਜਗ ਦੂਖਨ ਹਟਾਵਨੋ।
'ਸਾਰੰਗ ਚਰਨ' ਨਿਜਾਨੰਦ ਪਦ ਲੈਨੋ ਚਾਹੈਂ,
ਮਾਨ ਕਹਯੋ ਮੇਰੋ ਬਯੋਂਤ ਯਾ ਬਿਧਿ ਬਨਾਵਨੋ।
ਸੁਧਾਸਰ ਨ੍ਹਾਨ ਬੈਠ ਮੰਦਰ ਮੈਜ ਧਯਾਨ ਠਾਨ,
ਔਰ ਨ ਉਪਾਵ ਭਵ ਸਿੰਧ ਕੋ ਤਰਾਵਨੋ[6]।੭।।

---

1. ਭਾਵ ਜਨਮ ਜਿਤ ਲਓ। 2. ਛੇਤੀ। 3. ਭਾਵ ਆਸਾਂ ਦੀ ਵਾਰ ਸੁਣ। 4. ਆਲਸ, ਹੌਲੀ ਹੌਲੀ ਹਿੱਲਣਾ, ਕੰਬਣਾ। 5. ਸੀਸ ਨੂੰ ਨਿਵਾ ਨਿਵਾ ਕੇ ਬਾਬਾ ਅਟੱਲ ਵੱਲ ਚੱਲ। 6. ਸੰਸਾਰ ਸਾਗਰ ਤੋਂ ਤਰਨ ਦਾ ਹੋਰ ਕੋਈ ਉਪਾਉ ਨਹੀਂ ਹੈ।

ਆਗਯਾ ਗੁਰ ਅਮਰ ਸੁ ਸਿਰ ਧਰਿ ਰਾਮਦਾਸ
ਸਤਿਗੁਰ ਪਤਾ ਪਾਇ ਕੀਨੋ ਬਰ ਤਾਲ ਹੈ।
ਸਮਾ ਪਾਇ ਪਾਕੋ ਕੀਨੋ ਅਰਜਨ ਦੇਵ ਸ੍ਵਾਮੀ,
ਮਹਿਮਾ ਹੂੰ ਗਾਈ ਸੋ ਪ੍ਰਤੱਖ ਇਸ ਕਾਲ ਹੈ।
ਮਹਿਮਾ ਅਨੂਪ ਔਰ ਵਸਦੀ ਸਘਨ ਘਨ,
ਕਸਮਲ[1] ਭਾਰੈਂ ਨਾਵੈ ਜੋਊ ਹੈ ਨਿਹਾਲ ਹੈ।
'ਸਾਰੰਗ ਚਰਨ' ਬੀਓ ਦੇਖੀਏ ਨ ਯਾਕੇ ਸਮ,
ਆਪ ਹਰਿ ਕਾਰ ਕਰੀ ਛੇਤ੍ਰ ਏ ਬਿਸਾਲ ਹੈ।੮।।
ਸੁਧਾਸਰ ਸ਼ਹਿਰ ਬਿਖੇ ਨਹਿਰ ਬਹੈ ਬਿਦਯਾ ਕੇਰੀ,
ਲਹਿਰ ਬਹਿਰ ਜਹਾਂ ਧਨਕ ਬਨਕ ਕੀ[2]।
ਬਿਮਲ ਬਗੀਚੇ ਸੀਂਚੇ ਚਾਰੋਂ ਓਰ ਸਾਫ ਮਗ,
ਮੰਦਰ ਉਚੇਰੇ ਛਬਿ ਕਲਸ ਕਨਕ ਕੀ[3]।
ਜੋਗੀ ਜਤੀ ਤਪੀ ਨੇਮੀ ਪ੍ਰੇਮੀ ਕਾਮੀ ਥਾਮੀ ਮੂਢ
ਸੁੰਦਰ ਕੁਰੂਪ ਬਸੈਂ ਭਾਂਤਨ ਅਨਿਕ ਕੀ।
'ਸਾਰੰਗ ਚਰਨ' ਗੁਰੂ ਰਾਮਦਾਸ ਤੇਜ ਦਿਪੈ
ਜੀਵਨ ਮੁਕਤਿ ਦਸ਼ਾ ਲਾਜਤ ਜਨਕ ਕੀ[4]।੯।।

**ਸਵੈਯਾ– ਦੇਸ਼ ਦਿਸ਼ਾ ਵਿਦਿਆ ਸਗਰੇ ਨਗਰੇ**
ਪੁਰਿ ਛੇਤ੍ਰ ਭ੍ਰਮਯੋ ਸਭ ਥਾਈਂ।
ਮਠ ਦੇਵ ਦਿਵਾਲੇ ਸ਼ਿਵਾਲੇ ਪਿਖੇ
ਨਦ ਤੀਰਥ ਤਾਲ ਪਖਾਨ ਮਹਾਂਈ।
ਜੜ੍ਹ ਜੰਗਮ ਤੀਰਥ ਦੇਖੇ ਘਨੇ
ਪੈ ਨ ਕਾਹੂੰ ਭੀ ਚਿੱਤ ਕੀ ਬਾਂਛ ਪੁਰਾਈ।

---

1. ਪਾਪ। ਦੋਸ਼। 2. ਭਾਵ ਵਣਜ ਵਪਾਰ ਦੀ। 3. ਸੁਨਹਿਰੀ ਕਲਸ ਦੀ। 4. ਰਾਜਾ ਜਨਕ ਦੀ ਜੀਵਨ ਮੁਕਤੀ ਦੀ ਦਸ਼ਾ ਸ਼ਰਮਾਉਂਦੀ ਹੈ ਸੁਧਾਸਰ ਵਿਚ ਗੁਰੂ ਰਾਮਦਾਸ ਜੀ ਦੇ ਜੀਵਨ ਮੁਕਤੀ ਦੇ ਤੇਜ ਨੂੰ ਵੇਖਕੇ।

'ਪਦ ਸਾਰੰਗ' ਮੁਕਤਿ ਔ ਭੁਕਤਿ ਦੋਊ
ਰਾਮਦਾਸਪੁਰੇ ਮਿਲਰਗੀ ਸੁਗਮਾਈ[1]।੧੦।।
ਜਪ ਜੋਗ ਵਿਰਾਗ ਸਮਾਧ ਕਰੇ,
ਕੁਰੁਖੇਤ੍ਰ ਬਨਾਰਸ ਜਾਇ ਮਰੇ।
ਬਨ ਬ੍ਰਹਮ ਫਿਰੇ, ਬਹੁ ਯੱਗ ਕਰੇ,
ਘਰ ਤਯਾਗਿ ਤਪੋਧਨ ਭੇਖ ਧਰੇ।
ਸੁ ਵੈਰਾਗ ਧਰੇ, ਅਨੁਰਾਗ ਹਰੇ[2],
'ਪਦ ਸਾਰੰਗ' ਮੁਕਤਿ ਨ ਕਾਹੁ ਕਰੇ।
ਸਰ ਅੰਮ੍ਰਿਤ ਕੂਕਰ ਸੂਕਰ ਹੂੰ
ਸੋਊ ਮੁਕਤ ਨ ਚਾਇ ਉਛਾਹਿ ਧਰੇ[3]।੧੧।।
ਨ ਮਿਲੈ ਰੁਜਗਾਰ ਬਪਾਰ ਕਹੂੰ
ਧਨ ਹਾਰ ਦਈ ਮਰਿ ਸਾਕ ਗਏ।
ਸਤਿਸੰਗ ਨਹੀਂ ਦ੍ਰਿੜ ਚਿੱਤ ਰਹੈ,
ਸਭ ਸੁਆਰਥ ਸੁਆਉ ਹਿਆਉ ਹਏ।
'ਪਦ ਸਾਰੰਗ' ਹੋਇ ਨਿਰਾਸ ਭਲੇ,
ਇੱਕ ਆਸ ਸੁਧਾਸਰ ਮਾਂਹਿ ਭਏ,
ਤਿਹ ਦੂਖ ਗਏ, ਨਵ ਸੂਖ ਭਏ,
ਦ੍ਵੈ ਲੋਕ ਠਏ, ਜਸ ਸ੍ਰੀਅ ਮਏ[4]।੧੨।।

**ਭਾਈ ਬੁਧ ਸਿੰਘ (ਛਾਪ– 'ਸਸਿਜ ਮ੍ਰਿਗਿੰਦ')–**

ਸਿੱਧ ਹੂੰ ਪ੍ਰਸਿੱਧ ਜੈਸੇ ਪਾਰਦ ਕੇ ਮਾਰਬੇ ਕੋ[5],
ਟਾਰਿਬੇ ਕੋ ਰੋਗ ਜੈਸੇ ਸਿੰਧੁ-ਤਾਤ ਨਰ ਕੇ[6]।

---

1. ਸੌਖੀ ਹੀ। 2. ਵੈਰਾਗ ਧਾਰਕੇ। 3. (ਪਰ ਜੋ) ਅੰਮ੍ਰਿਤਸਰ ਦੇ ਕੂਕਰ ਸੂਕਰ (ਭਾਵ ਸ੍ਰੀ ਦਰਬਾਰ ਸਾਹਿਬ ਦੇ ਨਿੰਮ੍ਰੀ ਭ੍ਰਤ ਸੇਵਕ) ਬੀ ਹਨ (ਓਹ ਤਾਂ ਇਤਨੇ ਉੱਚੇ ਹੋ ਗਏ ਹਨ ਕਿ) ਮੁਕਤੀ ਦੇ ਚਾਉ ਦਾ ਉਤਸ਼ਾਹ ਬੀ ਨਹੀਂ ਕਰਦੇ। 4. ਭਾਵ ਉਸ ਦੇ ਦੋਵੇਂ ਲੋਕ ਸੁਧਰ ਗਏ, ਦੌਲਤ ਤੇ ਜਸ ਉਸ ਦਾ ਅਮਿਤ ਹੋ ਗਿਆ। 5. ਪਾਰਾ ਮਾਰਨ ਨੂੰ ਜਿਵੇਂ ਸਿਧ ਮਸ਼ਹੂਰ ਹੈ। 6. ਨਰਾਂ ਦੇ ਰੋਗਾਂ ਨੂੰ ਦੂਰ ਕਰਨ ਲਈ ਜਿਵੇਂ ਧਨੰਤਰ ਵੈਦ। (ਸਿੰਧ ਤਾਤ=ਧਨੰਤਰ)।

ਕੇਹਰੀ ਸਕਾਸ ਪੁੰਜ ਕੁੰਭਨ ਕੇ ਤ੍ਰਾਸ ਜੈਸੇ[1],
ਦਾਰਿਦ ਬਿਨਾਸ ਪਾਏ ਲੱਤ-ਤਾਤ-ਤਰੁ[2] ਕੇ।
ਪੰਨਗ ਪਲਾਤ ਜਾਤ ਕਸਯਪ ਕੋ ਤਾਤ ਦੇਖਿ[3],
ਤ੍ਰੈਈ ਤਾਪ ਖਾਪ ਜਾਪ ਜੈਸੇ ਏਕ 'ਹਰਿ' ਕੇ।
'ਸਸਿਜ ਮ੍ਰਿਗਿੰਦ' ਭਾਨੁ ਤਮ ਕੋ ਨਿਦਾਨ ਜੈਸੇ[4]
ਤੈਸੇ ਅਘ ਹਾਨ ਹੋਤਿ ਨ੍ਹਾਏ ਸੁਧਾਸਰ ਕੇ।੧।।

ਮੋਹੂ ਤਨ ਛਾਈ ਯਾਹਿ ਛਈ ਹੂੰ ਹਰਨਹਾਰ[5],
ਮੋਹੂ ਮੱਧ ਕਾਰ[6], ਯਾਹੂ ਤਾਰੇ ਨਰ ਨਰਕੀ।
ਮੋਹੂ ਨਿਸ ਜੋਤਿ[7], ਯਾਕੀ ਉਦਿਤ ਉਦੋਤ ਨਿਤ[8],
ਮੋਹ ਰਾਹੂ ਤ੍ਰਾਹ, ਯਾਹੁ ਅਭੈ ਹੂੰ ਅਮਰ ਅਮਰ ਕੀ।
ਮੋਹੂ ਤਨ ਛੀਨ, ਯਾਹਿ ਸ਼ੋਭਤ ਨਵੀਨ ਨਵੀਨ ਅਤਿ,
ਯਾਹਿ ਗੁਰਦ੍ਵਾਰ ਮੋਹਿ ਗੁਰ ਸੋਂ ਅਕਰ ਕੀ[9]।
'ਸਸਿਜ ਮ੍ਰਿਗਿੰਦ' ਜਾਨਿ ਬਾਰਿਦ ਬਹਾਨੋ ਠਾਨਿ,
ਸੁਧਾਧਰ[10] ਛਪੈ ਪੇਖਿ ਸ਼ੋਭਾ ਸੁਧਾਸਰ ਕੀ।੨।।

ਦੇਵਨ ਮੈਂ ਦੇਵਰਾਜ[11], ਅਸ੍ਵਨ ਸਿੰਧੁ ਬਾਜ[12],
ਕੁੰਭਨ ਮੈਂ ਸ੍ਵੇਤ ਸਾਜ[13], ਸ਼ੋਭਤ ਸੁ ਵਰ ਹੈਂ।
ਸਿਧਨ ਮੈਂ ਜੈਸੇ ਲੱਛ[14], ਪੱਛਨ ਮੈਂ ਰਾਟ-ਪੱਛ[15],
ਜੱਛਨ ਮੈਂ ਧਨੁ[16] ਜੱਛ, ਜੈਸੇ ਸਖਾ ਹਰ ਹੈਂ।

---

1. ਸ਼ੇਰ ਦੀ ਝਪਟ ਤੋਂ ਜਿਵੇਂ ਸਮੂਹ ਹਾਥੀ ਡਰਦੇ ਹਨ। (ਸਕਾਸ=ਝਪਟ)। 2. ਕਲਪ ਬ੍ਰਿਛ। 3. ਗਰੁੜ ਨੂੰ ਵੇਖਕੇ ਜਿਵੇਂ ਨਾਗ ਦੌੜ ਜਾਂਦੇ ਹਨ। (ਕਸਜਪ ਤਾਪ=ਗਰੁੜ)। 4. ਜਿਵੇਂ ਸੂਰਜ ਦੁਆਰਾ ਅਨ੍ਹੇਰੇ ਦਾ ਅੰਤ ਹੁੰਦਾ ਹੈ। (ਨਿਦਾਨ=ਅੰਤ)। 5. ਚੰਦ ਆਪਣੇ ਨਾਲ ਸੁਧਾਸਰ ਦਾ ਟਾਕਰਾ ਕਰਦਾ ਹੋਯਾ ਕਹਿੰਦਾ ਹੈ ਕਿ ਮੇਰੇ ਤਨ ਵਿਚ ਦਾਗ਼ ਹੈ, ਇਹ ਦਾਗ਼ ਹਰਨਹਾਰ ਹੈ। 6. ਮੈਂ ਤਾਂ ਕਿਸੇ ਕਾਰ ਚੱਕ੍ਰ ਵਿਚ ਬੱਧਾ ਹੋਇਆ ਕੈਦ ਹਾਂ। 7. ਮੈਂ ਕੇਵਲ ਰਾਤ ਨੂੰ ਹੀ ਚਮਕਦਾ ਹਾਂ। 8. ਇਹ ਸਦਾ ਪ੍ਰਗਟ ਪ੍ਰਕਾਸ਼ਮਾਨ ਹੈ। 9. ਗੁਰੂ ਜੀ ਨੇ ਇਹ ਗੁਰਧਾਮ ਰਚਕੇ ਮੇਰੇ ਨਾਲ ਨਾ ਕਰਨੇ ਵਾਲੀ ਕਰਨੀ ਕੀਤੀ ਹੈ। 10. ਚੰਦ੍ਰਮਾ। 11. ਇੰਦਰ। 12. ਉਚੈ-ਸ਼੍ਰਵਾ ਘੋੜਾ। ਸਮੁੰਦਰ ਦੇ ੧੪ ਰਤਨਾ ਵਿਚ ਦਾ ਘੋੜਾ। 13. ਐਰਾਵਤ ਹਾਥੀ, ਚਿੱਟਾ ਹਾਥੀ। 14. ਲੱਛਮੀ। 15. ਗਰੁੜ। 16. ਕੁਬੇਰ।

ਬੇਦਨ ਮੈਂ ਸਾਮ ਜਾਨ, ਤੇਜਨ ਮੈਂ ਤੇਜਭਾਨੁ,
ਗੋਪਨ ਮੈਂ ਕਾਨ੍ਹ ਜੈਸੇ ਸੁੰਦਰ ਸੁਘਰ ਹੈਂ।
'ਸਸਿਜ ਮ੍ਰਿਗਿੰਦ' ਰੂਪ ਸ਼ੋਭਤ ਅਨੂਪ ਛਬਿ
ਤੈਸੇ ਸਭ ਤੀਰਥ ਮੈਂ ਭੂਪ[1] ਸੁਧਾਸਰ ਹੈ।੩।।

**ਗ੍ਵਾਲ ਕਵਿ–**

ਹਾਸੀ ਗਈ ਭੂਲ, ਜਮਦੂਤਨ ਉਦਾਸੀ ਭਈ,
ਪਾਪ ਕੀ ਕਲਾਸੀ ਤਾਂ ਤਲਾਸੀ ਕਰੈਂ ਡਰਕੇ[2]।
ਸਤਯ ਕੀ ਅਟਾ[3] ਸੀ, ਜਹਾਂ ਧਰਮ ਕੀ ਘਟਾ ਸੀ,
ਦਾਨ ਪੁੰਜ ਕੀ ਛਟਾ[4] ਸੀ ਸ਼ੋਕ ਨਾਸੀ ਦੀਨ ਤਰਕੇ।
'ਗ੍ਵਾਲ' ਕਵਿ ਖਾਸੀ ਧੁਨਿ ਵੇਦ ਕੀ ਪ੍ਰਕਾਸ਼ੀ ਮਹਾਂ,
ਨਾਰੀ ਕਮਲਾ ਸੀ ਭਾਸੀ ਰੂਪ ਮੈਨ ਨਰ ਕੇ[5]।
ਕਾਸ਼ੀ ਕੀ ਨ ਚਾਹ, ਅਬਿਨਾਸ਼ੀ ਹ੍ਵੈ ਮਵਾਸੀ[6] ਭਏ,
ਦਾਸੀ ਕਰਿ ਰਾਖੈਂ ਮੁਕਤਿ ਵਾਸੀ ਸੁਧਾਸਰ ਕੇ।੧।।

**ਭਾਈ ਮੇਘ ਸਿੰਘ ਕਵੀ–**

ਮਹਾਂ ਮਦਰਾਪੀ, ਪਾਪੀ, ਆਮਿਖ ਕੈ ਧ੍ਰਾਪੀ ਤਨ,
ਧੇਨੁ ਦ੍ਵਿਜ ਸ੍ਰਾਪੀ, ਬੈਨ ਰਰੈ ਸਮਸਰ ਕੇ[7]।
ਕਰੈ ਜਲ ਪਾਨ ਤੇ ਵਿਮਾਨ ਮੈਂ ਬਿਰਾਜਮਾਨ[8],
ਰੂਪ ਭਗਵਾਨ ਹ੍ਵੈ ਸ਼ਨਾਨ ਕੀਏ ਸਰ ਕੇ।

---

1. ਭਾਵ ਰਾਜ ਤੀਰਥ। 2. ਪਾਪ ਦੀ ਕੋਈ ਕਲਾ (ਅੰਸ਼) ਕਿਸੇ ਵਿਚ ਦੇਖਦੇ ਹਨ ਤਾਂ ਜਮਦੂਤ ਡਰਕੇ ਤਲਾਸ਼ੀ ਲੈਂਦੇ ਹਨ। 3. ਅੰਟਾਰੀ। 4. ਬਿਜਲੀ। 5. ਇਥੋਂ ਦੇ ਵਾਸੀ ਨਰ ਨਾਰੀ ਇਤਨੇ ਸੁੰਦਰ ਹਨ ਕਿ ਕਾਮਦੇਵ ਤੇ ਲੱਛਮੀ ਵਰਗੇ ਹਨ। ਇਥੇ ਰਤੀ ਨਹੀਂ ਕਿਹਾ। ਭਾਵ ਸੁੰਦ੍ਰਤਾ ਤੇ ਧਨੀ ਤੋਂ ਹੈ। 6. ਆਕੀ। 7. ਅਤਿ ਦਾ ਸ਼ਰਾਬੀ, ਤਨ ਨੂੰ ਮਾਸ ਨਾਲ ਤ੍ਰਿਪਤ ਕਰਨ ਵਾਲਾ, ਗਊ ਬ੍ਰਾਹਮਣ ਤੋਂ ਸ੍ਰਾਪ ਪ੍ਰਾਪਤ ਤੋਂ ਸਾਹਮਣੇ ਬੋਲਣ ਵਾਲਾ। 8. ਜੇ ਓਹ ਅੰਮ੍ਰਿਤ ਸਰੋਵਰ ਦਾ ਅੰਮ੍ਰਿਤ ਪੀ ਲਵੇ ਤਾਂ ਅੰਤ ਨੂੰ ਵਿਮਾਣਾਂ ਤੇ ਚੜ੍ਹੇਗਾ।

ਕਹੈ 'ਮੇਘ ਸਿੰਘ'[1] ਸੁਰਲੋਕ ਸੁਰਲੋਕ ਬੇਧੈ[1]
ਨਾਕ ਕਟੀ ਰੋਕਤੀ ਨ ਰੁਕੈ, ਆਗੈ ਸਰਕੇ[2]।
ਨਰਕ ਕੇ ਜੰਤ੍ਰ ਚਿਤ੍ਰ ਗੁਪਤ ਕੇ ਚਰਿਤ੍ਰ ਫਾਰ
ਮਿਤ੍ਰ ਸੁਤ ਚਿਤਵੈ ਚਰਿਤ੍ਰ ਸੁਧਾਸਰ ਕੇ[3]।੧।।
ਸਿੰਮ੍ਰਿਤੀ ਪੁਰਾਨ ਨਿਗਮਾਗਮ ਨਿਕਾਰਿ ਸਾਰ
ਵਿਰਚਯੋ ਰੁਚਿਰ ਗੁਰੂ ਗ੍ਰੰਥ ਪ੍ਰੇਮ ਕਰਿਕੈ।
ਨਵਧਾ ਭਗਤਿ, ਕਾਮਧੇਨੁ ਮਨੋ ਕਾਮਨਾ ਦੇ,
ਗਯਾਨ ਕਾਮ ਤਨੁ ਰਹਯੋ ਸੰਪਦਾ ਸੋਂ ਫਰਕੇ[4]।
ਕਹੈ ਮੇਘ ਸਿੰਘ ਹਰੀ ਮੰਦਿਰ ਵੈਕੁੰਠ ਰਚਯੋ,
ਚਾਰੋਂ ਈ ਪਦਾਰਥ ਦ੍ਵੈ ਦ੍ਵਾਰਪਾਲ ਦਰ ਕੇ[5]।
ਸ਼ਿਵ ਪੈ ਪ੍ਰਕਾਸ਼ੀ ਕਾਸ਼ੀ ਮੁਕਤਿ ਉਦਾਸੀ ਕਰੀ
ਜਮ ਤੇ ਮਵਾਸੀ ਭਏ ਵਾਸੀ ਸੁਧਾਸਰ ਕੇ।੨।।
**ਸ੍ਵੈਯਾ**– ਚਹੁੰਘਾਈ[6] ਲਸੈ ਅੰਬਰਾਈ[7] ਜਹਾਂ,
ਲਪਟਾਈ ਲਤਾ[8] ਕਲ ਕੰਠ ਕੁਕਾਂਹੀ[9]।
ਕਲ ਕੋਟ ਕਿੰਗੂਰਨ ਸੂਰਨ ਪੂਰਨ,
ਸ਼ੱਤ੍ਰ ਗਰੂਰਨ ਧੂਰ ਮਿਲਾਹੀਂ।
ਅਭਿਰਾਮ ਹੈਂ ਧਾਮ ਲੱਲਾਮ[10] ਬਨੇ
ਰਤਿ ਕਾਮ ਬਨੈਂ ਨਾਰਿ ਤਹਾਂ ਹੀ।

---

1. ਉਹ ਦੇਵਤਾ ਬਣਕੇ ਦੇਵਲੋਕ ਨੂੰ ਬੀ ਵਿੰਨ੍ਹਕੇ ਲੰਘ ਜਾਏਗਾ। 2. ਸੁਰਗਾਂ ਦੀਆਂ ਅਪਸਰਾਂ ਜੋ ਰੋਕਣੀਆਂ ਤਾਂ ਨਹੀਂ ਰੁਕੇਗਾ ਤੇਂ ਅੱਗੇ ਹੀ ਜਾਂਏਗਾ (ਸਤਜ ਲੋਕ ਵਿਚ)। 3. (ਮਿਤ੍ਰ ਸਤ=) ਧਰਮਰਾਜ ਸੋਚਦਾ ਹੈ ਕਿ ਨਰਕ ਦੇ ਸਾਰੇ ਯੰਤ੍ਰ ਤੇ ਚਿਤ੍ਰ ਗੁਪਤ ਦੀਆਂ ਲਿਖੀਆਂ ਕਰਮ ਪੱਤ੍ਰੀਆਂ ਹੁਣ ਫਾੜ ਦੇਈਏ, (ਕਿਉਂਕਿ) ਸੂਧਾਸਰ ਦੇ ਚਰਿੱਤ੍ਰਾਂ (ਅਗੇ ਇਨ੍ਹਾਂ ਦੀ ਕੋਈ ਪੇਸ਼ ਨਹੀਂ ਜਾਂਦੀ)। 4. ਐਸ਼੍ਵਰਜ ਨਾਲ ਫਲ ਰਹਾ ਹੈ। 5. ਦਰਾਂ ਦੇ ਚੋਬਦਾਰ, ਭਾਵ ਹਰੀ ਮੰਦਰ ਆਉਣ ਵਾਲੇ ਨੂੰ ਚਾਰੇ ਪਦਾਰਥ ਨਿਰਇਛਤ ਮਿਲਦੇ ਹਨ। 6. ਚੁਫੇਰੇ। 7. ਆਕਾਸ਼ ਦਾ ਨੀਲੱਤਣ। (ਅ) ਸਬਜ਼ਾਈ। 8. ਵੇਲਾਂ ਲਪਟੀਆਂ ਹੋਈਆਂ। 9. ਸੁਹਣੇ ਗਲਿਆਂ ਵਾਲੇ ਪੰਛੀ ਚਹਿਕਦੇ ਹਨ। 10. ਸੁੰਦਰ।

ਪੁਰ ਮਾਂਹਿ ਸਰੋਵਰ ਨਾਮ ਸੁਧਾਸਰ,
ਪਾਮਰ[1] ਨ੍ਹਾਇ ਤਰੈਂ ਛਿਨ ਮਾਂਹੀ।੩।।

**ਡਾ: ਚਰਨ ਸਿੰਘ ਜੀ (ਬੇਰ ਭਾਈ ਬੁੱਢਾ ਜੀ)–**

ਆਦਿ :ਗੁਰੂ ਨਾਨਕ ਤੇ ਖਸ਼ਟਮ ਗੁਰੂ ਲੌਂ ਜਾਂਕੀ
ਕਾਰ ਬਾਰ ਗੁਰੂ ਘਰ ਰਹੀ ਕਾਲ ਢੇਰ ਹੈ।
ਉਮਰ ਘਨੇਰੀ 'ਭਾਈ' ਪਦ ਕੀ ਬਡੇਰੀ ਪੱਤਿ,
ਬੈਠਕੇ ਕਰਾਈ ਕਾਰ ਤਾਲ ਕੀ ਘਨੇਰ ਹੈ।
ਜਾਂਹੀ ਥਲ ਥਿਰੇ[2] ਥਿਰੀ ਬੇਰ ਅਜਹੂੰ ਲੌਂ ਨੀਕ[3],
ਨਾਮ ਹੂੰ ਪ੍ਰਸਿੱਧ 'ਭਾਈ ਬੁੱਢਾ ਜੀ ਕੀ ਬੇਰ ਹੈ'।
'ਸਾਰੰਗ ਚਰਨ' ਭਈ ਬ੍ਰਿਧ ਭਾਈ ਬ੍ਰਿਧ ਸਮ[4],
ਦੇਕੇ ਥੰਭ ਕੜੇ ਪਾਇ ਰਾਖੀ ਫੇਰ ਫੇਰ ਹੈ।੧।।

**ਪੰਡਤ ਸੰਤੋਖ ਸਿੰਘ (ਦੁਖਭੰਜਨੀ)–**

ਪਾਪ ਜਨਮੰਤਰ ਕੇ ਅੰਤਰ ਕੇ ਤਾਪ ਸਬੈ[5],
ਰੋਗਨ ਕਲਾਪ[6] ਕੀ ਨਿਰੰਤਰ ਹੈ ਗੰਜਨੀ[7]।
ਚਿਤ ਕੋ ਹੁਲਾਸਤ ਬਿਨਾਸਤ ਬਿਘਨ ਬ੍ਰਿੰਦ,
ਸ਼ਾਂਤਿ ਦੈ ਪ੍ਰਕਾਸ਼ਤ ਸੁ ਜੋਤਿ ਹੈ ਨਿਰੰਜਨੀ।
ਕਹੈ 'ਤੋਖ ਹਰਿ' ਕਰੈ ਬਾਇਸ[8] ਤੇ ਹੰਸ ਜਾਨ,
ਗਯਾਨ ਹਨੂਮਾਨ ਕੇ ਉਪਾਇਬੇ ਕੋ ਅੰਜਨੀ।
ਬੁੱਧਿ ਮਲ ਮੰਜਨੀ, ਪ੍ਰਭੰਜਨੀ ਕਲੇਸ਼ਨ ਕੀ,
ਭਕਤ ਮਨ ਰੰਜਨੀ, ਜਯਤ ਦੁਖਭੰਜਨੀ[9]।੨।।

---

1. ਨੀਚ, ਪਾਪੀ। 2. ਬੈਠੇ ਸਨ ਬਾਬਾ ਬੁੱਢਾ ਜੀ। 3. ਸੁਹਣੀ। 4. ਬਾਬਾ ਬੁੱਢਾ ਜੀ ਵਾਂਗ ਹੀ ਬਹੁਤ ਬੁੱਢੀ ਹੋ ਗਈ ਹੈ। 5. ਜਨਮਾਂ ਜਨਮਾਂਤਰਾਂ ਦੇ ਪਾਪ ਤੇ ਅੰਦਰ ਦੇ ਸਾਰੇ ਤਾਪ। 6. ਸਾਰੇ। 7. ਨਾਸ਼ ਕਰਨਹਾਰੀ ਹੈ। 8. ਕਾਂ। 9. ਬੁਧੀ ਦੀ ਮੈਲ ਨੂੰ ਮਾਂਜਣ ਵਾਲੀ, ਕਲੇਸ਼ਾਂ ਨੂੰ ਉਡਾ ਦੇਣ ਵਾਲੀ ਹਨ੍ਹੇਰੀ, ਭਗਤਾਂ ਦੇ ਮਨਾਂ ਨੂੰ ਪਿਆਰੀ ਦੁਖ ਭੰਜਨੀ ਦੀ ਜੈ ਜੈ ਹੋਵੇ।

**ਡਾ. ਚਰਨ ਸਿੰਘ (ਦੋਵੇਂ ਮੁਨਾਰੇ)–**

ਉਦਧ ਮਥਨ ਕੀਨ ਸੁਧਾਸਰ ਮਿਲਿ ਸਾਰੇ[1],
ਚੌਦਾਂ ਵਥੁ ਪਾਈ: ਸੁਧਾ, ਰਮਾ, ਵਿਖ ਆਦਿ ਜੇਹੁ।
ਜਾ ਮੈ ਬਡੀ ਰਾਰ ਹ੍ਵੈ ਕੇ ਮੋਹਨੀ ਨਿਵਾਰ ਬਾਂਟ[2],
ਇਤ ਇਉਂ ਚਿਤਾਰ ਸੁਧਾਸਰ ਤਲ ਦੇਖ ਲੇਹੁ[3]।
ਚਾਹੈਂ ਇਮ ਦੇਵ ਪੀਐਂ ਅਮੀਂ ਬੈਠੇ ਸੁਰ ਲੋਕ,
ਸਾਜੈਂ ਕੋਊ ਜੁਗਤਿ ਜਾਂਤੇ ਪੀਐਂ ਸਦਾ ਨਿਸੰਦੇਹ।
ਪ੍ਰੇਰਯੋ ਜੋਧ ਸਿੰਘ ਤਿਨ ਕੀਨੋ ਹੈ ਉਪਾਵ ਠੀਕ,
ਚਰਖੀ[4] ਬਨੈਰਗੀ, ਪ੍ਰਥਮ ਬਨੇ ਹੈਂ ਮੁਨਾਰੇ ਏਹ।੧।।
ਸਿੰਧ ਏਕ ਬੇਰ ਮਥਯੋ ਅੰਮ੍ਰਿਤ ਨਿਕਾਰਯੋ ਹਰਿ
ਦਯੋ ਬਾਂਟ ਰਹਯੋ ਨਾਹਿ, ਲਾਲਸ ਅਧਿਕ ਤੇਹ[5]।
ਇਤ ਗੁਰ ਅਮਰ ਚਿਤਾਰਿ ਕਲਿਕਾਲ ਕਾਲ,
ਸਿਖਯਨ ਕੋ ਹੇਤ ਰਚਯੋ ਸੁਧਾਸਰ ਜਾਨਿ ਲੇਹੁ।
ਦੇਵਨ ਬਿਚਾਰ ਮਾਨੁਖਾਨ ਉਪਕਾਰ ਗੁਰ,
ਪਾਵੈਂ ਸੁਰ ਲੋਕ ਸੁਧਾ ਕਰੈਂ ਉਪਚਾਰ[6] ਜੇਹੁ।
ਜਾਨ ਕਲਿ ਕਾਲ ਕਲ[7] ਰਚੀ ਹੈ ਕਿਨਾਰੇ ਤਾਲ,
ਚਰਖੀ ਬਨੈਰਗੀ, ਪ੍ਰਥਮ ਬਨੇ ਹੈਂ ਮੁਨਾਰੇ ਏਹੁ।੨।।

*ਪ੍ਰਾਚੀਨ ਕਵੀ ਸੋਧੋ ਦੀ ਰਚਨਾਂ 'ਸ੍ਰੀ ਅੰਮ੍ਰਿਤਸਰ ਜੀ ਕੀ ਉਸਤਤਿ' ਵਿਚੋਂ ਕੁਛ ਵੰਨਗੀ ਦੇਖੋ ਆਰੰਭ ਵਿਚ 'ਮੁੱਢਲੀ ਗੱਲ ਤੋਂ ਪਿਛੋਂ, ਪੰਨਾ 'ੳ' ਪਰ।*

---

1. ਸਾਰੇ ਦੇਵਤਿਆਂ ਤੇ ਦੈਂਤਾਂ ਨੇ ਮਿਲਕੇ ਸਮੁੰਦਰ ਰਿੜਕਿਆ। 2. ਝਗੜਾ ਹੋਣ ਤੇ ਮੋਹਨੀ ਅਵਤਾਰ ਨੇ ਵੰਡ ਕਰ ਦਿੱਤੀ। 3. ਏਧਰ ਇਉਂ ਹੋਇਆ ਤੇ ਓਧਰ ਦੇਵਤਿਆਂ ਨੇ ਪ੍ਰਿਥਵੀ ਤੇ ਅੰਮ੍ਰਿਤ ਦਾ ਤਾਲ ਦੇਖ ਲਿਆ। 4. ਭਉਣੀ। 5. ਪਰ ਬੜੀ ਪਿਆਸ ਬਾਕੀ ਰਹੀ। 6. ਯਤਨ। 7. ਕਲਾਂ, ਯੰਤ੍ਰ।